
ISSN 0972-2335

# ਅੰਮ੍ਰਿਤ ਕੀਰਤਨ



ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ॥

ਸੰਪਾਦਕ
ਡਾ. ਜਾਗੀਰ ਸਿੰਘ

ਨਵੰਬਰ 2022

ਮੁੱਲ 15/-



## ਪ੍ਰੀਤਮ ਕਿਵੇਂ ਰਿਝਾਵਾਂ?

ਮੈਂ ਭੁੱਲੀ ਮੈਂ ਭਟਕ ਰਹੀਂ ਹਾਂ,
ਦਸੋ ਪ੍ਰੀਤਮ ਦਾ ਦਰ ਕਿਹੜਾ।
ਜਿਸ ਗੱਲੋਂ ਹਾਏ ਪ੍ਰੀਤਮ ਰੀਝੇ,
ਵੇਸ ਬਣਾਈ ਤਿਹੜਾ ।
ਹੋਇ ਨਿਮਾਣੀ ਆਤੁਰ ਖੜੀਆਂ,
ਕਿਹੜੀ ਗਲੋਂ ਕਬੂਲੇ ।
ਗਦ-ਗਦ ਹੋਵਾਂ ਦਰਸ਼ਨ ਪਾਕੇ,
ਮੰਨ ਵਿਚ ਆਵੇ ਖੇੜਾ ।

**ਪੁਸਤਕ - ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

**ਸੰਪਾਦਕ**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ**

**ਸਹਿਯੋਗੀ**

**ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ :15 ਰੁਪਏ
- ▲ ਦੇਸ਼ ਸਾਲਾਨਾ ਚੰਦਾ : 150 ਰੁਪਏ
- ▲ ਜੀਵਨ ਮੈਂਬਰ ਚੰਦਾ: 1500 ਰੁਪਏ
- ▲ ਵਿਦੇਸ਼ : ਸਲਾਨਾ ਚੰਦਾ INR1500
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ;eNo 15-J, uvh r V 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ (ਫੋਨ :0172-4782705, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## fJ; n|e ftu


| | |
|---|---|
| ਪ੍ਰੀਤਮ ਕਿਵੇਂ ਰਿਝਾਵਾਂ<br>ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ | ਟਾ-2 |
| ਸੰਪਾਦਕੀ : ਕਰਉ ਬੇਨੰਤੀਆ -<br>ਸ੍ਰ ਜਗਦੀਸ਼ ਸਿੰਘ ਵਰਿਆਮ | 2 |
| ਗੁਰਮਤਿ ਸੰਗੀਤ ਵਿਚ ਰਾਗ ਸਿਰੀ<br>ਡਾ. ਗੁਰਨਾਮ ਸਿੰਘ | 4 |
| ਗੁਰੂ ਨਾਨਕ ਬਾਣੀ : ਰਚਨਾ ਜਗਤ<br>ਡਾ.ਅੰਮ੍ਰਿਤਪਾਲ ਕੌਰ | 7 |
| ਸ੍ਰੀ ਗੁਰੂ ਰਾਮਦਾਸ ਜੀ ਦੀ ਗੁਰਮਤਿ ਸੰਗੀਤ ਨੂੰ ਦੇਣ<br>ਅਜੈਪਾਲ ਸਿੰਘ ਚਵਿੰਡਾ | 13 |
| ਸੁਰਲਿਪੀ ਰਾਗ ਸ਼ੁੱਧ ਸਾਰੰਗ (ਤਿੰਨ ਤਾਲ) | 16 |
| ਤਿੰਨ ਤਾਲ ਕਾਇਦਾ ਸੀਰੀਜ<br>ਪ੍ਰੋਫ਼ੈਸਰ ਹਰਭਜਨ ਸਿੰਘ ਧਾਰੀਵਾਲ<br>(ਲਾਹੌਰ ਬਾਜ ਪੰਜਾਬ ਘਰਾਣਾ) | 19 |


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਕਰਉ ਬੇਨੰਤੀਆ

## ਸ੍ਰ ਜਗਦੀਸ਼ ਸਿੰਘ ਵਰਿਆਮ

ਸ੍ਰ ਜਗਦੀਸ਼ ਸਿੰਘ ਵਰਿਆਮ ਹੋਰਾਂ ਦੇ ਦੇਹਾਂਤ ਤੋਂ ਬਾਅਦ ਵੀ 'ਵਰਿਆਮ' ਉਹਨਾਂ ਦੀ ਸਪੁੱਤਰੀ ਰਾਹੀਂ ਪੂਰੀ ਮੁਸਤੈਦੀ ਨਾਲ ਪ੍ਰਾਪਤ ਹੋ ਰਿਹਾ ਹੈ। ਇਸ ਵਿੱਚ ਜਗਦੀਸ਼ ਸਿੰਘ ਵਰਿਆਮ ਹੋਰਾਂ ਦੀ ਸਵੈ ਜੀਵਨੀ ਦੇ ਪ੍ਰਕਾਸ਼ਿਤ ਹੋਣ ਨਾਲ 'ਵਰਿਆਮ' ਦੇ ਅੰਕ ਵਧੇਰੇ ਰੋਚਕ ਤੇ ਮੁੱਲਵਾਨ ਜਾਪ ਰਹੇ ਹਨ।

ਜਗਦੀਸ਼ ਸਿੰਘ ਜੀ ਨਾਲ ਮੇਰੀ ਪਹਿਲੀ ਮੁਲਾਕਾਤ 1975 ਵਿੱਚ ਹੋਈ ਸੀ। ਉਦੋਂ ਉਹ ਮਟੌਰ ਵਿਖੇ ਕਾਂਗਰਸ ਦੇ ਅਜਲਾਸ ਵਿੱਚ ਸ਼ਾਮਲ ਹੋਣ ਲਈ ਆਏ ਸਨ। ਮੈਂ ਉਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਦੇ ਹੋਸਟਲ ਦਾ ਵਾਰਡਨ ਸੀ ਤੇ ਜਗਦੀਸ਼ ਸਿੰਘ ਜੀ ਮੇਰੇ ਮਿੱਤਰ ਸ਼ਾਮ ਸਿੰਘ ਅਤੇ ਜਨਕ ਰਾਜ ਹੋਰਾਂ ਨਾਲ ਮੇਰੇ ਕੋਲ ਹੋਸਟਲ ਵਿੱਚ ਆਏ ਸਨ।

ਉਹਨਾਂ ਨੇ ਨਾਮਧਾਰੀ ਲਹਿਰ ਅਤੇ ਅਕਾਲੀ ਲਹਿਰ ਬਾਰੇ ਕਈ ਰੋਚਕ ਗੱਲਾਂ ਦੱਸੀਆਂ। ਇੱਕ ਸਮੇਂ ਨਾਮਧਾਰੀ ਅਤੇ ਸਿੰਘ ਸਭਾ ਲਹਿਰ ਜਾਂ ਚੀਫ ਖਾਲਸਾ ਦੀਵਾਨ ਅਤੇ ਅਕਾਲੀਆਂ ਨੂੰ ਨੇੜੇ ਲਿਆਉਣ ਲਈ ਪ੍ਰਿੰਸੀਪਲ ਤੇਜਾ ਸਿੰਘ ਅਤੇ ਭਾਈ ਜੋਧ ਸਿੰਘ ਹੋਰਾਂ ਨੇ ਜਤਨ ਅਰੰਭੇ। ਇਸ ਦੀ ਤੱਥਾਤਮਕ ਪੁਸ਼ਟੀ ਤਾਂ ਸ਼ਾਇਦ ਨਾ ਕੀਤੀ ਜਾ ਸਕੇ ਪਰ ਇਹ ਘਟਨਾ ਸੁਣਨ ਸੁਣਾਉਣ ਨੂੰ ਜ਼ਰੂਰ ਮਿਲਦੀ ਰਹੀ ਹੈ। ਸ਼ਾਇਦ ਉਦੋਂ 'ਸਤਿਗੁਰ' ਪ੍ਰਤਾਪ ਸਿੰਘ ਜੀ ਨਾਮਧਾਰੀ ਪੰਥ ਦੇ ਮੁਖੀ ਸਨ ਉਹਨਾਂ ਨੂੰ ਮਨਾ ਲਿਆ ਗਿਆ ਕਿ ਉਹ ਅੱਗੋਂ ਤੋਂ ਆਪਣੇ ਨਾਲ ਸਤਿਗੁਰ ਵਿਸ਼ੇਸ਼ਣ ਨਹੀਂ ਲਗਾਉਣਗੇ। 'ਸਤਿਗੁਰ' ਜੀ ਨੇ ਕਿਹਾ ਉਹ ਵਿਸ਼ੇਸ਼ ਸਮਾਗਮ ਬੁਲਾ ਕੇ ਉਸ ਵਿੱਚ ਇਹ ਐਲਾਨ ਕਰ ਦੇਣਗੇ। ਕਹਿੰਦੇ ਹਨ ਵਿਸ਼ੇਸ਼ ਕਾਨਫਰੰਸ ਆਯੋਜਿਤ ਕੀਤੀ ਗਈ ਉਸ ਵਿੱਚ ਸ਼ਾਇਦ ਭਾਈ ਜੋਧ ਸਿੰਘ ਜਾਂ ਪ੍ਰੋਫੈਸਰ ਤੇਜਾ ਸਿੰਘ ਵੀ ਸ਼ਾਮਲ ਹੋਏ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮਧਾਰੀ ਸ਼ਰਧਾਲੂਆਂ ਨੂੰ ਸੰਬੋਧਨ ਕਰ ਕੇ ਕਿਹਾ ਕਿ ਉਹ ਅੱਗੋਂ ਤੋਂ ਉਹਨਾਂ ਨੂੰ ਸਤਿਗੁਰੂ ਸੰਬੋਧਨ ਨਾ ਕਰਿਆ ਕਰਨ। ਕਹਿੰਦੇ ਹਨ ਕਿ ਉਸੇ ਵੇਲੇ ਕਈ ਨਾਮਧਾਰੀ ਸ਼ਰਧਾਲੂ ਖੜੇ ਹੋ ਕੇ ਸਤਿਗੁਰੂ ਪ੍ਰਤਾਪ ਸਿੰਘ ਹੋਰਾਂ ਕੋਲ ਪਹੁੰਚ ਗਏ ਤੇ ਕਹਿਣ ਲੱਗੇ – ਸਤਿਗੁਰਾ, ਇਹਨਾਂ ਪਾੜ੍ਹਿਆਂ ਦੇ ਆਖੇ ਲੱਗ ਕੇ ਐਵੇਂ ਅਵਾ ਤਵਾ ਨਾ ਬੋਲੀ ਜਾਓ। ਤੁਹਾਨੂੰ ਨਹੀਂ ਪਤਾ ਕਿ ਤੁਸੀ ਕੀ ਹੋ। ਸਾਨੂੰ ਆਪਣੀ ਸ਼ਰਧਾ ਅਨੁਸਾਰ ਚੱਲਣ ਦਿਓ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਤੇਜਾ ਸਿੰਘ ਹੋਰਾਂ ਨੂੰ ਕਿਹਾ ਕਿ ਇਹਨਾਂ ਸ਼ਰਧਾਲੂਆਂ ਨੂੰ ਮਨਾ ਲਓ। ਉਦੋਂ ਰੌਲਾ ਗੋਲਾ ਪੈ ਗਿਆ ਤੇ ਇਹ ਵਖਰੇਵਾਂ ਧਾਰਮਿਕ ਘਟ ਤੇ ਸਿਆਸੀ ਵਧੇਰੇ ਹੋ ਗਿਆ। ਪਰ ਇਸ ਗੱਲ ਤੋਂ ਪਤਾ ਲਗਦਾ ਹੈ ਕਿ ਉਸ ਵੇਲੇ ਕੁਝ ਆਗੂ ਸੁਲਹ ਸਫਾਈ ਕਰਨੀ ਕਰਾਉਣੀ ਚਾਹੁੰਦੇ ਸਨ।

ਇਸ ਘਟਨਾ ਦੇ ਨਾਲ ਹੀ ਮੈਨੂੰ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਹੋਰਾਂ ਦੇ ਪਿਤਾ ਜੀ ਭਾਈ ਜਵਾਲਾ ਸਿੰਘ ਜੀ ਨਾਲ ਸਬੰਧਤ ਗੱਲ ਯਾਦ ਆ ਗਈ। ਭਾਈ ਗੁਰਚਰਨ ਸਿੰਘ ਜੀ ਦਸਦੇ ਸਨ ਇੱਕ ਵਾਰ ਨਾਮਧਾਰੀ ਦਰਬਾਰ ਵਿੱਚ ਭਾਈ ਜਵਾਲਾ ਸਿੰਘ ਹੋਰਾਂ ਨੂੰ ਕੀਰਤਨ ਕਰਨ ਲਈ ਬੁਲਾਇਆ ਗਿਆ। ਪਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਾ ਵੇਖ ਕੇ ਉਹਨਾਂ ਨੇ ਕੀਰਤਨ ਕਰਨ ਤੋਂ ਇਨਕਾਰ ਕਰ ਦਿੱਤਾ। ਦਸਦੇ ਹਨ ਕਿ ਉਸ ਦਿਨ ਉਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਤੇ ਨਾਮਧਾਰੀ ਸਤਿਗੁਰੂ ਜੀ ਨੇ ਸੰਗਤ ਵਿੱਚ ਬੈਠ ਕੇ ਭਾਈ ਜਵਾਲਾ ਸਿੰਘ ਜੀ ਦਾ ਕੀਰਤਨ ਸੁਣਿਆ।

ਨਾਮਧਾਰੀ ਸੰਪਰਦਾ ਵਿੱਚ ਗੁਰਮਤਿ ਸੰਗੀਤ ਦੀ ਵਿਸ਼ੇਸ਼ ਸੇਵਾ ਸੰਭਾਲ ਕੀਤੀ ਗਈ ਹੈ। ਤੰਤੀ ਸਾਜ਼ਾਂ ਨਾਲ

ਕੀਰਤਨ ਕਰਨ ਵਾਲੇ ਉੱਚ ਕੋਟੀ ਦੇ ਕੀਰਤਨੀਏ ਤਿਆਰ ਕੀਤੇ ਗਏ ਹਨ। ਭਾਰਤੀ ਕਲਾਸੀਕਲ ਸੰਗੀਤ ਨੂੰ ਰਾਜਸੀ ਦਰਬਾਰਾਂ ਨਾਲੋਂ ਵੀ ਵਧੇਰੇ ਮਾਨ ਸਨਮਾਨ ਦੇ ਕੇ ਸੰਗੀਤ ਦੀ ਸੇਵਾ ਕੀਤੀ ਗਈ ਹੈ। ਇਸ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ ਥੋਹੜੀ ਹੈ।


'ਵਰਿਆਮ' ਦੇ ਅਕਤੂਬਰ ਅੰਕ ਵਿੱਚ ਜਗਦੀਸ਼ ਸਿੰਘ ਜੀ ਦੇ ਵਿਦਿਆਰਥੀ ਜੀਵਨ ਦੇ ਵੇਰਵੇ ਪ੍ਰਕਾਸ਼ਿਤ ਕੀਤੇ ਗਏ ਹਨ। ਇਸ ਲੇਖ ਉਹਨਾਂ ਨੇ ਜਿਹੜੀਆਂ ਸ਼ਖਸੀਅਤਾਂ ਦਾ ਜ਼ਿਕਰ ਕੀਤਾ ਹੈ ਉਹਨਾਂ ਦਾ ਮੇਰੇ ਜੀਵਨ ਨਾਲ ਵੀ ਸਬੰਧ ਰਿਹਾ ਹੈ। ਲਾਇਲਪੁਰ ਖਾਲਸਾ ਕਾਲਜ ਨਾਲ ਸਬੰਧਤ ਪ੍ਰਿੰਸੀਪਲ ਭਰਪੂਰ ਸਿੰਘ ਹੋਰਾਂ ਦਾ ਜ਼ਿਕਰ ਕੀਤਾ ਹੈ। ਪ੍ਰਿੰਸੀਪਲ ਭਰਪੂਰ ਸਿੰਘ ਜੀ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਰਹੇ ਸਨ ਤੇ ਇਹਨਾਂ ਦਿਨਾਂ ਵਿੱਚ ਉਹਨਾਂ ਨੇ ਸਾਨੂੰ ਭਰਪੂਰ ਸਰਪ੍ਰਸਤੀ ਦਿੱਤੀ ਸੀ। ਕਾਂਗਰਸੀ ਆਗੂ ਬੂਟਾ ਸਿੰਘ ਹੋਰਾਂ ਦਾ ਜ਼ਿਕਰ ਵੀ ਕੀਤਾ ਗਿਆ ਹੈ। ਬੂਟਾ ਸਿੰਘ ਦੇ ਸਹੁਰਾ ਸਾਹਿਬ ਭਾਈ ਹਰਨਾਮ ਸਿੰਘ ਜ਼ਖਮੀ ਉਚ ਕੋਟੀ ਦੇ ਕੀਰਤਨੀਏ ਸਨ। ਪਟਿਆਲੇ ਗੁਰਦੁਆਰਾ ਦੂਖਨਿਵਾਰਨ ਸਾਹਿਬ ਅਤੇ ਗੁਰਦੁਆਰਾ ਮੋਤੀ ਬਾਗ ਸਾਹਿਬ ਵਿੱਚ ਕੁਝ ਸਮਾਂ ਉਹਨਾਂ ਨਾਲ ਕੀਰਤਨ ਕਰਨ ਦਾ ਮੌਕਾ ਮਿਲਦਾ ਰਿਹਾ ਹੈ। ਜ਼ਖਮੀ ਜੀ ਨੇਤਰਹੀਣ ਸਨ। ਪਰ ਉਹ ਆਪਣੇ ਨਾਲ ਕੀਰਤਨ ਕਰਨ ਵਾਲੇ ਸਾਥੀ ਤੋਂ ਸ਼ਾਮ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਅਰਥਾਂ ਸਹਿਤ ਜ਼ਰੂਰ ਸੁਣਦੇ ਸਨ।

ਜਗਦੀਸ਼ ਸਿੰਘ ਜੀ ਨੇ ਪ੍ਰਿੰਸੀਪਲ ਸਤਿਬੀਰ ਸਿੰਘ ਹੋਰਾਂ ਨੂੰ ਵੀ ਯਾਦ ਕੀਤਾ ਹੈ। ਮੈਂ ਗੁਰਮਤਿ ਕਾਲਜ ਵਿੱਚ ਪ੍ਰਿੰਸੀਪਲ ਸਤਿਬੀਰ ਸਿੰਘ ਹੋਰਾਂ ਤੋਂ ਪੜ੍ਹਿਆ ਹਾਂ ਅਤੇ ਹਮੇਸ਼ਾ ਉਹਨਾਂ ਤੋਂ" ਅਗਵਾਈ ਲੈਂਦਾ ਰਿਹਾ ਹਾਂ।

ਜਗਦੀਸ਼ ਸਿੰਘ ਜੀ ਆਪਣੇ ਪਰਚੇ ਵਿੱਚ ਮੈਨੂੰ ਪਿਆਰ ਸਤਿਕਾਰ ਦਿੰਦੇ ਰਹੇ ਹਨ। ਮੇਰੇ ਪਰਚੇ 'ਅੰਮ੍ਰਿਤ ਕੀਰਤਨ' ਦੀ ਅਤੇ ਮੇਰੀਆਂ ਪੁਸਤਕਾਂ ਦੀ ਸ਼ਲਾਘਾ ਉਹ ਅਕਸਰ ਕਰਦੇ ਰਹਿੰਦੇ ਸਨ।

ਇਸ ਉੱਚ ਕੋਟੀ ਦੇ ਸੰਪਾਦਕ ਅਤੇ ਲੇਖਕ ਨੂੰ ਸਤਿਕਾਰ ਨਾਲ ਯਾਦ ਕਰਦਿਆਂ ਮੈਨੂੰ ਤਸੱਲੀ ਜਿਹੀ ਹੋ ਰਹੀ ਹੈ।

ਭੁੱਲ ਚੁੱਕ ਖਿਮਾ



# ਜ਼ਰੂਰੀ ਸੂਚਨਾ

ਸਰਕਾਰ ਦੇ ਨਵੇਂ ਆਦੇਸ਼ਾਂ ਅਨੁਸਾਰ ਅੰਮ੍ਰਿਤ ਕੀਰਤਨ ਟ੍ਰਸਟ ਨੂੰ ਮਾਇਆ ਭੇਜਣ ਵਾਲੇ ਸੱਜਣਾਂ ਨੂੰ 80ਜੀ ਐਕਟ ਅਧੀਨ ਇਨਕਮ ਟੈਕਸ ਤੋਂ ਛੋਟ ਲੈਣ ਲਈ ਆਪਣਾ ਅਧਾਰ ਨੰਬਰ ਅਤੇ ਪੈਨ ਨੰਬਰ ਲਿਖਣਾ ਜ਼ਰੂਰੀ ਹੈ। ਜਿਹਨਾਂ ਨੇ ਵੀ ਮਾਇਆ ਭੇਜੀ ਹੈ ਉਹ ਅੰਮ੍ਰਿਤ ਕੀਰਤਨ ਟ੍ਰਸਟ ਦਾ ਰਸੀਦ ਨੰਬਰ,ਆਪਣਾ ਆਧਾਰ ਨੰਬਰ ਅਤੇ ਪੈਨ ਨੰਬਰ ਤੁਰੰਤ ਭੇਜਣ ਦੀ ਕਿਰਪਾ ਕਰਨ ਜੀ।---**ਜਾਗੀਰ ਸਿੰਘ ਮੋਬਾਇਲ ਨੰ: 9855640630**

# ਗੁਰਮਤਿ ਸੰਗੀਤ ਵਿਚ ਰਾਗ ਸਿਰੀ

**ਡਾ.ਗੁਰਨਾਮ ਸਿੰਘ**

ਗੁਰਮਤਿ ਸੰਗੀਤ ਦਾ ਆਧਾਰ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਰਾਗਾਤਮਕ ਹੋਣਾ ਅਤੇ ਬਾਣੀ ਨੂੰ ਵੱਖ ਵੱਖ ਰਾਗਾਂ ਅਨੁਸਾਰ ਅੰਕਿਤ ਕਰਨਾ ਸਿੱਖ ਧਰਮ ਵਿਚ ਰਾਗ ਦੀ ਪ੍ਰਮੁੱਖਤਾ ਦਾ ਸਪੱਸ਼ਟ ਪ੍ਰਮਾਣ ਹੈ। ਸਿੱਖ ਰਹਿਤ ਮਰਿਆਦਾ ਅਨੁਸਾਰ ਵੀ ਰਾਗਾਂ ਵਿਚ ਸ਼ਬਦ ਗਾਇਨ ਨੂੰ ਹੀ ਕੀਰਤਨ ਪ੍ਰਵਾਨਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮੂਹ ਰਾਗ ਕੇਵਲ ਸਿਰਲੇਖ ਮਾਤਰ ਕਾਰਜਰਤ ਨਹੀਂ ਸਗੋਂ ਇਹ ਸ਼ਬਦ ਦੇ ਕੀਰਤਨ ਲਈ ਬੁਨਿਆਦੀ ਸੁਰਾਤਮਕ ਮਾਧਿਅਮ ਅਤੇ ਸੂਚਕ ਹਨ ਕਿ ਸ਼ਬਦ ਨੂੰ ਕਿਸ ਸੁਰਾਤਮਕ ਰੰਗ ਵਿਚ ਗਾਉਣਾ ਹੈ। ਰਾਗ ਬਾਣੀ ਦੀ ਵੱਖੋ ਵੱਖਰੀ ਪ੍ਰਕਿਰਤੀ ਅਨੁਸਾਰ ਨਿਰਧਾਰਤ ਕੀਤੇ ਗਏ ਹਨ। ਇਸੇ ਕਰਕੇ ਇਨ੍ਹਾਂ ਦੀ ਗਿਣਤੀ 31 ਮੁੱਖ ਰਾਗਾਂ ਤੇ ਵਿਭਿੰਨ ਰਾਗ ਪ੍ਰਕਾਰਾਂ ਵਜੋਂ ਕੀਤੀ ਜਾਂਦੀ ਹੈ। ਇਨ੍ਹਾਂ ਰਾਗਾਂ ਸਬੰਧੀ ਕ੍ਰਮਵਾਰ ਜਾਣਨਾ ਹਰ ਸਿੱਖ ਲਈ ਜ਼ਰੂਰੀ ਹੈ ਤਾਂ ਕਿ ਅਸੀਂ ਆਪਣੀ ਰਾਗਾਤਮਕ ਵਿਰਾਸਤ ਤੋਂ ਜਾਣੂ ਹੋ ਸਕੀਏ। ਇਸੇ ਲੜੀ ਅਧੀਨ ਅਸੀਂ ਰਾਗ ਕ੍ਰਮ ਅਨੁਸਾਰ ਲੜੀਵਾਰ 31 ਰਾਗਾਂ ਬਾਰੇ ਖੋਜ ਲੇਖ ਪ੍ਰਸਤੁਤ ਕਰਦੇ ਰਹਾਂਗੇ।

ਗੁਰਮਤਿ ਸੰਗੀਤ ਅਤੇ ਭਾਰਤੀ ਸੰਗੀਤ ਵਿਚ ਸਿਰੀ ਇਕ ਪੁਰਾਤਨ ਤੇ ਵਿਸ਼ਿਸ਼ਟ ਰਾਗ ਹੈ। ਭਾਰਤੀ ਸੰਗੀਤ ਵਿਚ ਰਾਗਾਂ ਦੀ ਵੰਡ ਲਈ ਗੁਰੂ ਕਾਲੀ ਸਮਕਾਲੀ ਪ੍ਰਣਾਲੀ 'ਰਾਗ ਰਾਗਣੀ ਵਰਗੀਕਰਣ'ਸੀ ਭਾਵ ਰਾਗ ਨੂੰ ਪੁਰਸ਼ ਮੰਨ ਕੇ ਉਸ ਅਧੀਨ ਬਾਕੀ ਰਾਗਾਂ ਨੂੰ ਇਸਤਰੀ, ਪੁੱਤਰ, ਵਧੂ ਦੇ ਰੂਪ ਵਿਚ ਪਛਾਣਿਆ ਜਾਂਦਾ ਸੀ। ਇਸ ਤਰ੍ਹਾਂ ਇਕ ਮੁੱਖ ਪੁਰਸ਼ ਰਾਗ ਤੇ ਬਾਕੀ ਰਾਗਾਂ ਨੂੰ ਉਸ ਦੇ ਰਿਸ਼ਤੇ ਨਾਤੇ ਵਿਚ ਪਰੋ ਕੇ 'ਰਾਗਮਾਲਾ' ਬਣਾਈ ਜਾਂਦੀ ਸੀ। ਰਾਗਮਾਲਾ ਲਿਖਣ ਦੇ ਬਹੁਤ ਸਾਰੇ ਮੱਤ ਪ੍ਰਚਾਰ ਵਿਚ ਰਹੇ। ਇਸ ਵਿਸਥਾਰ ਵਿਚ ਨਾ ਜਾਂਦਿਆਂ ਵਿਚਾਰੀਏ ਤਾਂ ਰਾਗ ਰਾਗਣੀ ਮਤ ਵਿਚ ਸਿਰੀ ਰਾਗ ਨੂੰ ਪ੍ਰਮੁੱਖ ਛੇ ਰਾਗਾਂ ਵਿਚ ਮੰਨਿਆ ਗਿਆ ਹੈ। ਰਾਗ ਰਾਗਣੀ ਪੱਧਤੀ ਅਨੁਸਾਰ ਮੁੱਖ ਛੇ ਰਾਗ ਹਨ : ਸਿਰੀ, ਬਸੰਤ, ਭੈਰਵ, ਪੰਚਮ, ਮੇਘ, ਨਟ ਨਾਰਾਇਣ। ਭਾਰਤੀ ਸੰਗੀਤ ਵਿਚ ਸਿਰੀ ਨੂੰ 'ਸ੍ਰੀ' ਅੰਕਿਤ ਕੀਤਾ ਗਿਆ। ਸਿਰੀ ਨੂੰ 'ਸ੍ਰੀ' ਵੀ ਲਿਖਿਆ ਜਾਂਦਾ ਹੈ। ਭਾਰਤੀ ਸੰਗੀਤ ਪਰੰਪਰਾ ਵਿਚ ਇਸ ਨੂੰ ਬਿਸ਼ਨ ਸਰੂਪ ਮੰਨ ਕੇ ਇਸ ਦੀ ਉਤਪਤੀ ਸ਼ਿਵ ਜੀ ਦੇ ਮੁਖੋਂ ਮੰਨੀ ਗਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਾਤਮਕ ਬਾਣੀ ਦੇ ਪ੍ਰਾਰੰਭ ਵਿਚ ਪੰਨਾ 14 ਉੱਤੇ ਸਿਰੀ ਰਾਗ ਦਾ ਆਰੰਭ : ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧॥

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥ ਤੇ ਹੁੰਦਾ ਹੈ।

ਸੰਗੀਤ ਜਗਤ ਵਿਚ ਸਿਰੀ ਦੇ ਇਸ ਪੁਰਾਤਨ ਗੌਰਵ ਦੇ ਸਨਮੁਖ ਹੀ ਬਾਣੀ ਦੇ ਪ੍ਰਾਰੰਭ ਵਿਚ ਸਿਰੀ ਨੂੰ ਪ੍ਰਥਮ ਸਥਾਨ ਤੇ ਰੱਖਿਆ ਗਿਆ ਹੈ। ਸਿਰੀ ਰਾਗ ਦੇ ਅਧਿਆਤਮਕ ਮਹੱਤਵ ਨੂੰ ਗੁਰੂ ਅਮਰਦਾਸ ਜੀ ਨੇ

ਆਪਣੀ ਬਾਣੀ ਵਿਚ ਇਉਂ ਬਿਆਨਿਆ ਹੈ :

ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ ॥
ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੩)

ਭਾਈ ਗੁਰਦਾਸ ਨੇ ਇਸ ਮਹੱਤਵ ਨੂੰ ਇਉਂ ਦ੍ਰਿੜਾਇਆ ਹੈ :

ਰਾਗਿਨ ਮੇ ਸ੍ਰੀ ਰਾਗ ਪਾਰਸ ਪਖਾਨ ਹੈ ॥

(ਕਬਿਤ ਸਵੱਯੇ ਭਾਈ ਗੁਰਦਾਸ, ਪੰਨਾ ੧੪੯)

ਜਨਮ ਸਾਖੀਆਂ ਵਿਚ ਵੀ ਜਿੱਥੇ ਗੁਰੂ ਨਾਨਕ ਪਾਤਸ਼ਾਹ ਰਾਗਾਂ ਵਿਚ ਬਾਣੀ ਉਚਾਰਦੇ ਹਨ ਉੱਥੇ ਬਾਣੀ ਦਾ ਨਿਰਧਾਰਤ ਰਾਗ ਵਿਚ ਗਾਇਨ ਦਾ ਜਿਕਰ ਵੀ ਮਿਲਦਾ ਹੈ।

ਗੁਰੂ ਕਾਲ ਦੇ ਸਮਕਾਲੀ ਗ੍ਰੰਥਾਂ ਸੰਗੀਤ ਰਤਨਾਕਰ, ਸਵਰਮੇਲ ਕਲਾਨਿਧੀ, ਸੰਗੀਤ ਦਰਪਨ ਅਦਿ ਵਿਚ ਇਸ ਰਾਗ ਦਾ ਉਲੇਖ ਮਿਲਦਾ ਹੈ। ਇਸ ਦੀ ਪਛਾਣ ਇਕ ਸਨਤਾਨੀ ਰਾਗ ਵਜੋਂ ਕੀਤੀ ਜਾਂਦੀ ਹੈ। ਸਿਰੀ ਦੇ ਦੋ ਰੂਪ ਪ੍ਰਾਪਤ ਹੁੰਦੇ ਹਨ। ਸਿਰੀ ਦਾ ਇਕ ਰੂਪ ਕਾਫੀ ਥਾਟ ਦਾ ਹੈ ਅਤੇ ਦੂਸਰਾ ਪੂਰਵੀ ਥਾਟ ਦਾ। ਪੂਰਵੀ ਥਾਟ ਦਾ ਸਰੂਪ ਵਧੇਰੇ ਪ੍ਰਚਲਿਤ ਹੈ ਅਤੇ ਗੁਰਮਤਿ ਸੰਗੀਤ ਤੇ ਭਾਰਤੀ ਸੰਗੀਤ ਵਿਚ ਇਸੇ ਰਾਗ ਦੀ ਜ਼ਿਆਦਾ ਮਾਨਤਾ ਹੈ। ਇਸ ਰਾਗ ਨਾਲ ਮਿਲਦੇ ਜੁਲਦੇ ਰਾਗ ਪੂਰਵੀ, ਜੈਤਸਰੀ ਅਤੇ ਪੂਰੀਆ ਧਨਾਸਰੀ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਰੀ ਦੇ ਅੰਤਰਗਤ ਗੁਰੂ ਨਾਨਕ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਭਗਤ ਕਬੀਰ, ਭਗਤ ਤ੍ਰਿਲੋਚਨ, ਭਗਤ ਬੇਣੀ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਦਰਜ ਹੈ। ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ ਦੇ 33 ਪਦੇ, 17 ਅਸ਼ਟਪਦੀਆਂ (ਇਕ ਸ਼ਬਦ ੨੪ ਪਦਿਆਂ ਦਾ), ਪਹਰੇ ਦੋ, ਗੁਰੂ ਅਮਰਦਾਸ ਜੀ ਦੇ 31 ਪਦੇ, ਅੱਠ ਅਸ਼ਟਪਦੀਆਂ, ਗੁਰੂ ਰਾਮਦਾਸ ਜੀ ਦੇ ਛੇ ਪਦੇ, ਇਕ ਛੰਤ, ਇਕ ਵਣਜਾਰਾ, ਇਕ ਵਾਰ, ਗੁਰੂ ਅਰਜਨ ਦੇਵ ਜੀ 30 ਪਦੇ, ਦੋ ਅਸ਼ਟਪਦੀਆਂ (ਇਕ ਸ਼ਬਦ 21 ਪਦਿਆਂ ਦਾ), ਇਕ ਪਹਰੇ, ਦੋ ਛੰਤ, ਭਗਤ ਕਬੀਰ ਜੀ ਦੇ ਦੋ ਸ਼ਬਦ, ਭਗਤ ਤ੍ਰਿਲੋਚਨ ਜੀ ਦਾ ਇਕ ਸ਼ਬਦ ਅਤੇ ਭਗਤ ਬੇਣੀ ਜੀ ਦਾ ਇਕ ਸ਼ਬਦ, ਭਗਤ ਰਵਿਦਾਸ ਜੀ ਦਾ ਇਕ ਸ਼ਬਦ ਦਰਜ ਹੈ।

ਗੁਰਮਤਿ ਸੰਗੀਤ ਦੇ ਪ੍ਰਥਾ ਅਨੁਸਾਰ ਇਹ ਰਾਗ ਸੋਦਰੁ ਦੀ ਕੀਰਤਨ ਚੌਕੀ ਵਿਚ ਗਾਇਆ ਜਾਂਦਾ ਹੈ। ਕਿਉਂ ਜੋ ਇਸ ਦਾ ਸਮਾਂ ਸ਼ਾਮ ਹੈ ਅਤੇ ਸ਼ਾਮ ਸੰਧੀ ਪ੍ਰਕਾਸ਼ ਦੇ ਨਾਲ ਅੱਗੇ ਆਉਣ ਵਾਲੀ ਰਾਤ ਨਾਲ ਸਬੰਧਿਤ ਪ੍ਰਕਿਰਤੀ ਚਿਤਰਣ ਦੀਆਂ ਮਿਸਾਲਾਂ ਇਸ ਵਿਚੋਂ ਮਿਲ ਜਾਂਦੀਆਂ ਹਨ।

ਗੁਰਮਤਿ ਸੰਗੀਤ ਦੇ ਕੀਰਤਨਕਾਰਾਂ ਵਿਚੋਂ ਰਾਗਦਾਰੀ ਦੀ ਪਛਾਣ ਰੱਖਣ ਵਾਲੇ ਕੀਰਤਨੀਏ ਹੀ ਇਸ ਨੂੰ ਗਾ ਸਕਦੇ ਹਨ। ਕਿਉਂ ਜੋ ਇਸ ਨੂੰ ਦੂਸਰੇ ਰਾਗਾਂ ਨਾਲੋਂ ਨਿਖੇੜਨ ਦੇ ਨਾਲ ਇਸ ਦੇ ਸੁਰਾਂ ਦਾ ਲਗਾਵ ਰਾਗੀ ਸੰਗੀਤ ਗੁਰੂ ਦੇ ਮੁਖੋਂ ਸੁਣ ਕੇ ਹੀ ਆਉਂਦਾ ਹੈ। ਸਾਡੀ ਸਿਮ੍ਰਤੀ ਵਿਚ ਸਿਰੀ ਰਾਗ ਨੂੰ ਗਿਆਨ ਸਿੰਘ

ਅਲਮਸਤ ਨੇ ਪਟਿਆਲਾ ਆਪਣੇ ਕਿਆਮ ਦੌਰਾਨ ਗੁਰਮਤਿ ਸੰਗੀਤਾਚਾਰੀਆ ਪ੍ਰੋਫ਼ੈਸਰ ਤਾਰਾ ਸਿੰਘ ਜੀ ਦੇ ਗ੍ਰਹਿ ਵਿਖੇ ਸੁਣਾਇਆ ਉਹ ਵਿਸ਼ੇਸ਼ ਸੀ। ਭਾਈ ਗੁਰਮੀਤ ਸਿੰਘ ਸ਼ਾਂਤ ਦੇ ਗਾਇਨ ਚੋਂ ਇਸ ਦੀ ਖੁਸ਼ਬੋ ਮਿਲਦੀ ਹੈ। ਵਰਤਮਾਨ ਸਮੇਂ ਦੇ ਗੁਰਮਤਿ ਸੰਗੀਤ ਸੇਵੀ ਤੇ ਸਰਪਰਸਤ ਸਵਰਗੀ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਲੇਖਕ ਦੀ ਆਵਾਜ਼ ਵਿਚ ਇਸ ਰਾਗ ਦੀ ਰਿਕਾਰਡਿੰਗ 1992 ਵਿਚ ਕਰਵਾਈ ਅਤੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿਚ ਇਸ ਦਾ ਪ੍ਰਿੰ. ਬਲਦੇਵ ਸਿੰਘ, ਭਾਈ ਬਲਬੀਰ ਸਿੰਘ ਤੇ ਲੇਖਕ ਨੇ ਸਮੇਂ ਸਮੇਂ ਗਾਇਨ ਕੀਤਾ ਜੋ ਇਨ੍ਹਾਂ ਦੀਆਂ ਰਿਕਾਰਡਿੰਗਜ਼ ਤੋਂ ਆਮ ਮਿਲ ਜਾਂਦਾ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਵੈੱਬਸਾਈਟ ਵਿਚ ਭਾਈ ਅਵਤਾਰ ਸਿੰਘ ਅਤੇ ਲੇਖਕ ਦੁਆਰਾ ਸਿਰੀ ਰਾਗ ਵਿਚ ਗਾਇਨ ਸ਼ਬਦ ਦੀ ਰਿਕਾਰਡਿੰਗ ਉਪਲਬਧ ਹੈ। ਇਹ ਰਾਗਾਤਮਕ ਖਜ਼ਾਨਾ ਆਉਣ ਵਾਲੀਆਂ ਪੀੜੀਆਂ ਲਈ ਰਾਹ ਦਸੇਰਾ ਹੋ ਸਕਦਾ ਹੈ।

ਭਾਰਤੀ ਰਾਗ ਧਿਆਨ ਪਰੰਪਰਾ ਅਨੁਸਾਰ ਰਾਗਮਾਲਾ ਪੇਟਿੰਗਜ਼ ਵਿਚ ਸਿਰੀ ਰਾਗ ਦੇ ਪੁਰਤਾਨ ਚਿੱਤਰ ਉਪਲਬੱਧ ਹਨ। ਪ੍ਰਸਿੱਧ ਚਿੱਤਰਕਾਰ ਦੇਵਿੰਦਰ ਸਿੰਘ ਕੋਲੋਂ ਅਸੀਂ ਬਾਣੀ ਤੇ ਅਧਾਰਤ ਸਿਰੀ ਰਾਗ ਰਚਿਤ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੇ ਸਿਮ੍ਰਤੀ ਗ੍ਰੰਥ 1992 ਲਈ ਤਿਆਰ ਕਰਵਾਇਆ ਸੀ ਜਿਸ ਤੇ ਸਿਰੀ ਰਾਗ ਦੀ ਬਾਣੀ ਦੇ ਪ੍ਰਸੰਗ ਵਿਚ ਕਲਾਤਮਕ ਪਛਾਣ ਉਜਾਗਰ ਹੁੰਦੀ ਹੈ।

ਸਮਕਾਲੀ ਗੁਰਮਤਿ ਸੰਗੀਤ ਰਚਨਾਵਾਂ ਦੇ ਵੱਖ ਵੱਖ ਸੰਮੇਲਨਾਂ ਦੇ ਪ੍ਰਸੰਗ ਵਿਚ ਵੇਖੀਏ ਤਾਂ ਗਿਆਨ ਸਿੰਘ ਐਬਟਾਬਾਦ ਨੇ ਪੁਰਾਤਨ ਰਾਗੀ ਰਬਾਬੀ ਕੀਰਤਨੀਆਂ ਕੋਲੋਂ ਰਾਗਾਤਮਕ ਕੀਰਤਨ ਰਚਨਾਵਾਂ ਦਾ ਜੋ ਸੰਗ੍ਰਹਿ ਕੀਤਾ ਹੈ ਉਸ ਵਿਚ ਭਾਈ ਤਾਬਾ ਜੀ ਦੀਆਂ ਸਿਰੀ ਰਾਗ ਵਿਚ ਸੱਤ ਬੰਦਿਸ਼ਾਂ ਵੀ ਦਿੱਤੀਆਂ ਤੇ ਸੁਰਲਿਪੀਬੱਧ ਕੀਤੀਆਂ ਹਨ। ਇਨ੍ਹਾਂ ਤੋਂ ਬਿਨਾਂ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਗੁਰਮਤਿ ਸੰਗੀਤ ਆਚਾਰੀਆ ਪ੍ਰੋਫ਼ੈਸਰ ਤਾਰਾ ਸਿੰਘ, ਇਨ੍ਹਾਂ ਸਤਰਾਂ ਦੇ ਲੇਖਕ (ਡਾ. ਗੁਰਨਾਮ ਸਿੰਘ), ਪ੍ਰੋਫ਼ੈਸਰ ਕਰਤਾਰ ਸਿੰਘ, ਪ੍ਰੋਫ਼ੈਸਰ ਪਰਮਜੋਤ ਸਿੰਘ ਆਦਿ ਨੇ ਵੀ ਸਿਰੀ ਰਾਗ ਵਿਚ ਸ਼ਬਦ ਕੀਰਤਨ ਅੰਗ ਤੋਂ ਸਿਰੀ ਰਾਗ ਵਿਚ ਸੁਰਲਿਪੀਬੱਧ ਸ਼ਬਦ ਰਚਨਾਵਾਂ ਪ੍ਰਕਾਸ਼ਿਤ ਕਰਵਾਈਆਂ ਹਨ।

**ਬਾਨੀ ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ**
**ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਗੁਰੂ ਨਾਨਕ ਬਾਣੀ : ਰਚਨਾ ਜਗਤ

**ਡਾ.ਅੰਮ੍ਰਿਤਪਾਲ ਕੌਰ**

ਸਿੱਖ ਧਰਮ ਦੇ ਸੰਸਥਾਪਕ ਅਤੇ ਗੁਰਮਤਿ ਕਾਵਿ ਧਾਰਾ ਦੇ ਪਹਿਲੇ ਪ੍ਰਮੁੱਖ ਸਿਧਾਂਤਕਾਰ ਗੁਰੂ ਨਾਨਕ ਸਾਹਿਬ ਦੇ ਵਿਅਕਤਿਤਵ ਅਤੇ ਜੀਵਨ ਦੀ ਥਾਹ ਪਾਉਣਾ ਔਖਾ ਕਾਰਜ ਹੈ ਕਿਉਂਕਿ ਮਹਾਨ ਆਤਮਾਵਾਂ, ਧਰਮਾਂ ਦੇ ਮੋਢੀਆਂ, ਮਹਾਂਪੁਰਖਾਂ ਅਤੇ ਗੁਰੂ ਪੀਰਾਂ ਵਿਚੋਂ ਗੁਰੂ ਨਾਨਕ ਦਾ ਸਥਾਨ ਅਜਿਹਾ ਹੈ ਜੋ ਕਿ ਇਕ ਪਾਸੇ ਪਰਾਭੌਤਿਕਤਾ ਦੇ ਰਹੱਸ ਨਾਲ ਜੁੜਿਆ ਹੋਇਆ ਹੈ ਤੇ ਦੂਸਰੇ ਪਾਸੇ ਇਤਿਹਾਸ ਕਾਲਖੰਡ ਵਿਚ ਇਤਿਹਾਸਕ ਯੁੱਗ ਪੁਰਸ਼ ਨਾਲ ਸਬੰਧਿਤ ਹੈ। ਸਾਹਿਤ ਵਿਦਵਾਨਾਂ ਅਤੇ ਇਤਿਹਾਸਕਾਰਾਂ ਵੱਲੋਂ ਆਪ ਦੇ ਜੀਵਨ ਬਿਰਤਾਂਤ ਸਬੰਧੀ ਬਹੁਤ ਕੁਝ ਲਿਖਿਆ ਗਿਆ, ਜਿਸ ਵਿਚ ਇਤਿਹਾਸਕ ਤੱਥਾਂ ਤੋਂ ਇਲਾਵਾ ਮਿੱਥਕ ਤੱਤ ਜਾਂ ਦੰਤ ਕਥਾਵਾਂ ਵੀ ਰਚ ਮਿਚ ਗਈਆਂ ਹਨ। ਜਿਸ ਕਰਕੇ ਕੁਝ ਕੁ ਪ੍ਰਮਾਣਿਕਤਾ ਦੀ ਘਾਟ ਮਹਿਸੂਸ ਕੀਤੀ ਜਾਂਦੀ ਹੈ ਪਰੰਤੂ ਫਿਰਵੀ ਯਤਨ ਰਹੇਗਾ ਕਿ ਇਤਿਹਾਸਕ ਅਤੇ ਰਹਸਾਤਮਿਕ ਵਿਅਕਤਿਤਵ ਦਾ ਸੁਮੇਲ ਕਰਦਿਆਂ ਗੁਰੂ ਨਾਨਕ ਦੇਵ ਜੀ ਦਾ ਬਿੰਬ ਉਸਾਰ ਸਕੀਏ। ਇਸ ਸਬੰਧ ਵਿਚ ਸਭ ਤੋਂ ਪੁਰਾਣੀ ਅਤੇ ਭਰੋਸੇਯੋਗ ਸਮੱਗਰੀ ਭਾਈ ਗੁਰਦਾਸ ਦੀਆਂ ਵਾਰਾਂ ਹਨ ਪਰੰਤੂ ਉਸ ਵਿਚ ਮਿਤੀਆਂ ਜਾਂ ਸੰਨ ਨਾ ਹੋ ਕੇ ਵਸਤੂ ਅਤੇ ਸੰਦੇਸ਼ ਨੂੰ ਮਹੱਤਤਾ ਦਿੱਤੀ ਗਈ ਹੈ। ਇਸ ਦੇ ਨਾਲ ਹੀ ਪੁਰਾਤਨ ਜਨਮ ਸਾਖੀ, ਮਿਹਰਬਾਨ ਵਾਲੀ ਜਨਮ ਸਾਖੀ, ਗਿਆਨ ਰਤਨਾਵਲੀ ਅਤੇ ਮਹਿਮਾ ਪ੍ਰਕਾਸ਼ ਵਿਚਲੀ ਸਮੱਗਰੀ ਵੀ ਵਿਚਾਰਨਯੋਗ ਹੈ, ਜਿਸ ਦਾ ਆਪਣਾ ਮਹੱਤਵ ਹੈ। ਗੁਰੂ ਨਾਨਕ ਦੇਵ ਜੀ ਦੇ ਜੀਵਨ ਸਬੰਧੀ ਵੀ ਦੋ ਮੱਤ ਪ੍ਰਚਲਿਤ ਹਨ।ਇਕਮੱਤ ਅਨੁਸਾਰ ਆਪ ਦਾ ਜਨਮ ਸੰਮਤ 1526 ਵੈਸਾਖ ਸੁਦੀ 3 ਭਾਵ 15 ਅਪ੍ਰੈਲ 1469 ਈਸਵੀ ਨੂੰ ਹੋਇਆ ਜਿਸ ਸਬੰਧੀ ਪੁਰਾਤਨ ਜਨਮ ਸਾਖੀ, ਮਿਹਰਬਾਨ ਵਾਲੀ ਜਨਮ ਸਾਖੀ, ਗਿਆਨ ਰਤਨਾਵਲੀ ਅਤੇ ਮਹਿਮਾ ਪ੍ਰਕਾਸ਼ ਦੀ ਸਹਿਮਤੀ ਹੈ। ਦੂਸਰਾ ਮੱਤ ਭਾਈ ਬਾਲੇ ਵਾਲੀ ਜਨਮ ਸਾਖੀ ਹੈ ਜਿਸ ਅਨੁਸਾਰ ਆਪ ਦਾ ਜਨਮ ਸੰਮਤ 1526 ਕੱਤਕ ਸੁਦੀ 15 ਨੂੰ ਪੂਰਨਮਾਸ਼ੀ ਵਾਲੇ ਦਿਨ ਮੰਨਿਆ ਗਿਆ ਹੈ। ਇਸ ਹਿਸਾਬ ਨਾਲ ਜਨਮ ਦੀ ਇਹ ਮਿਤੀ ਨਵੰਬਰ 1469 ਵਿਚ ਆਉਂਦੀ ਹੈ। ਸਿੱਖ ਭਾਈਚਾਰੇ ਵਿਚ ਆਪ ਦਾ ਜਨਮ ਕੱਤਕ ਦੀ ਪੂਰਨਮਾਸ਼ੀ ਨੂੰ ਹੀ ਮਨਾਉਣ ਦਾ ਪ੍ਰਚਲਨ ਹੈ। ਜਨਮ ਸਾਖੀਆਂ ਅਤੇ ਮਹਿਮਾ ਪ੍ਰਕਾਸ਼ ਅਨੁਸਾਰ ਆਪ ਦਾ ਜਨਮ ਪਿਤਾ ਮਹਿਤਾ ਕਾਲੂ ਬੇਦੀ ਅਤੇ ਮਾਤਾ ਤ੍ਰਿਪਤਾ ਦੀ ਕੁੱਖੋਂ ਰਾਏ ਭੋਇੰ ਦੀ ਤਲਵੰਡੀ ਵਿਖੇ ਹੋਇਆ। ਇਹ ਸਥਾਨ ਲਾਹੌਰ ਤੋਂ ਚਾਲੀ ਕੁ ਮੀਲ ਦੀ ਦੂਰੀ ਤੇ ਹੈ ਜੋ ਦੇਸ਼ ਦੀ ਵੰਡ ਮਗਰੋਂ ਪੱਛਮੀ ਪਾਕਿਸਤਾਨ ਵਿਚ ਚਲਾ ਗਿਆ ਅਤੇ ਵਰਤਮਾਨ ਸਮੇਂ ਨਨਕਾਣਾ ਸਾਹਿਬ ਕਰਕੇ ਪ੍ਰਸਿੱਧ ਹੈ। ਆਪ ਦੇ ਪਿਤਾ ਮਹਿਤਾ ਕਾਲੂ ਪਿੰਡ ਦੇ ਪਟਵਾਰੀ, ਧਨਵਾਨ ਅਤੇ ਰਸੂਖ਼ ਵਾਲੇ ਵਿਅਕਤੀ ਸਨ। ਮੁੱਢਲੀ ਵਿਦਿਆ ਆਪ ਨੇ ਪਿੰਡ ਦੇ ਸਕੂਲ ਵਿਚ ਹੀ ਲਈ। ਵੱਖ-ਵੱਖ ਸਰੋਤਾਂ ਵਿਚ ਗੁਰੂ ਸਾਹਿਬ ਦੇ ਫ਼ਾਰਸੀ ਦੇ ਉਸਤਾਦਾਂ ਦੇ ਨਾਮ ਦਿੱਤੇ ਗਏ ਹਨ ਕਿਤੇ ਰੁਕਨਦੀਨ, ਕਿਤੇ ਕੁਤਬਦੀਨ ਅਤੇ ਕਿਤੇ ਸਈਅਦ ਹਸਨ ਪਰੰਤੂ ਇਕ ਨਾਮ ਗੋਪਾਲ ਪੰਡਤ ਦਾ ਵਰਨਣ ਵਿਸ਼ੇਸ਼ ਰੂਪ ਵਿਚ ਆਉਂਦਾ ਹੈ, ਜਿਸ ਤੋਂ ਆਪ ਨੇ ਲਿਖਣਾ ਪੜ੍ਹਨਾ ਜਾਂ ਹਿਸਾਬ ਰੱਖਣਾ ਸਿੱਖਿਆ। ਰਸਮੀ ਵਿੱਦਿਆ ਸੰਸਕ੍ਰਿਤ ਫ਼ਾਰਸੀ ਦਾ ਗਿਆਨ ਨਿਰਸੰਦੇਹ ਆਪ ਨੇ ਪਿੰਡ ਦੀ ਪਾਠਸ਼ਾਲਾ ਜਾਂ ਮਦਰਸੇ ਤੋਂ ਲਿਆ ਹੋਵੇਗਾ ਜਿੱਥੇ ਆਪ ਦੇ ਬਚਪਨ ਨਾਲ ਸਬੰਧਿਤ ਬਹੁਤ ਸਾਰੀਆਂ ਸਾਖੀਆਂ ਪ੍ਰਸਿੱਧ ਹਨ।ਆਪ ਦਾ ਝੁਕਾਅ ਦੁਨਿਆਵੀਂ ਇਲਮ ਦੀ ਥਾਂ ਬ੍ਰਹਮ ਵਿਦਿਆ ਅਧਿਆਤਮ ਜਾਂ ਰੂਹਾਨੀਅਤ ਵੱਲ ਸੀ ਜਿਸ ਦਾ ਪ੍ਰਮਾਣ ਆਪ ਦੇ ਸਮੁੱਚੇ ਜੀਵਨ ਦੇ ਲੰਮੇ ਪੈਂਡੇ ਜੋ ਕਿ ਉਦਾਸੀਆਂ ਦੇ ਰੂਪ ਵਿਚ ਵਿਖਿਆਤ ਹੈ ਤੋਂ ਪਤਾ ਲਗਦਾ ਹੈ। ਆਪ ਨੇ ਵਿਭਿੰਨ ਧਰਮਾਂ, ਮੱਤਾਂ, ਮਤਾਂਤਰਾਂ ਦੇ ਤਪੀਆਂ, ਵੈਰਾਗੀਆਂ ਅਤੇ ਤਿਆਗੀਆਂ ਕੋਲ ਵੀ ਪਹੁੰਚ ਕੀਤੀ ਜਿਨ੍ਹਾਂ ਨਾਲ ਆਪ ਨੇ ਪਰਮਾਰਥ ਗਿਆਨ ਸਬੰਧੀ ਵਿਚਾਰ ਵਟਾਂਦਰਾ ਅਤੇ ਸੰਵਾਦ

ਰਚਾਇਆ। ਆਪ ਦੁਆਰਾ ਰਚਿਤ ਬਾਣੀ ਰਚਨਾਵਾਂ ਜਪੁ, ਆਸਾ ਦੀ ਵਾਰ, ਸਿਧ ਗੋਸਟਿਆਂ ਜਿਹੇ ਦਾਰਸ਼ਨਿਕ ਵਿਸ਼ਿਆਂ ਸਬੰਧੀ ਸਪੱਸ਼ਟ ਰੂਪ ਵਿਚ ਦ੍ਰਿਸ਼ਟੀ ਗੋਚਰ ਹੁੰਦੀਆਂ ਹਨ।ਵੱਖ-ਵੱਖ ਸਰੋਤਾਂ ਅਨੁਸਾਰ ਗੁਰੂ ਸਾਹਿਬ ਦਾ ਵਿਆਹ ਸੰਨ 1481 ਤੋਂ 1485 ਦੇ ਵਿਚਕਾਰ 12 ਤੋਂ 16 ਸਾਲ ਦੀ ਉਮਰ ਵਿਚ ਬਟਾਲਾ ਨਿਵਾਸੀ ਸ੍ਰੀ ਮੂਲਾ ਦੀ ਸਪੁੱਤਰੀ ਬੀਬੀ ਸੁਲੱਖਣੀ ਨਾਲ ਹੋਇਆ। ਸਮਾਂ ਪਾ ਕੇ ਆਪ ਦੇ ਘਰ ਦੋ ਪੁੱਤਰਾਂ ਸ੍ਰੀਚੰਦ ਅਤੇ ਲਖਮੀ ਦਾਸ ਦਾ ਜਨਮ ਹੋਇਆ। ਦੁਨਿਆਵੀਂ ਕਾਰ-ਵਿਹਾਰ ਹਿਤ ਪਿਤਾ ਨੇ ਵਪਾਰ ਵਿਚ ਲਗਾਉਣਾ ਚਾਹਿਆ ਪਰੰਤੂ ਸਾਧੂ ਸੰਤਾਂ ਦੀ ਸੇਵਾ ਕਰਨ ਅਤੇ ਪ੍ਰਭੂ ਭਗਤੀ ਪ੍ਰਤੀ ਆਪ ਦੀ ਰੁਚੀ ਸਬੰਧੀ ਪ੍ਰਮਾਣ ਅਨੇਕ ਸਾਖੀਕਾਰਾਂ ਨੇ ਦਿੱਤੇ ਹਨ।ਪਿਤਾ ਅਤੇ ਭੈਣ ਨਾਨਕੀ ਅਤੇ ਜੀਜੇ ਜੈਰਾਮ ਦੇ ਜ਼ੋਰ ਪਾਉਣ ਤੇ ਸੁਲਤਾਨਪੁਰ ਦੇ ਨਵਾਬ ਦੌਲਤ ਖਾਂ ਲੋਧੀ ਦੇ ਮੋਦੀਖਾਨੇ ਵਿਖੇ ਨੌਕਰੀ ਕੀਤੀ, ਜਿੱਥੇ ਆਪ ਨੇ ਸਾਰੇ ਹਿਸਾਬ ਕਿਤਾਬ ਨੂੰ ਪੂਰੀ ਈਮਾਨਦਾਰੀ ਨਾਲ ਨਿਜਿਠਿਆ ਪਰੰਤੂ ਬਿਰਤੀ ਆਪ ਦੀ ਰੂਹਾਨੀਅਤ ਵਾਲੀ ਰਹੀ। ਅਜਿਹੇ ਹੀ ਇਕ ਮੌਕੇ ਜਦੋਂ ਨਾਨਕ ਮੋਦੀ ਖਾਨੇ ਦੀਆਂ ਵਸਤਾਂ ਤੋਲ ਰਹੇ ਸਨ ਤਾਂ ਉਹ 13 ਦੀ ਗਿਣਤੀ ਤੇ ਖਲੋ ਗਏ। 13 ਦਾ ਭਾਵ 'ਮੈਂ ਤੇਰਾ ਹਾਂ'। ਇਸ ਦੀ ਸ਼ਿਕਾਇਤ ਨਵਾਬ ਦੌਲਤ ਖਾਂ ਪਾਸ ਹੋਈ, ਬੇ-ਹਿਸਾਬਾ ਰਾਸ਼ਨ ਵੰਡਣ ਦੀ ਪੜਤਾਲ ਲਈ ਨਵਾਬ ਵਿਚਾਰ ਕਰ ਰਿਹਾ ਸੀ ਤਾਂ ਇੱਥੇ ਸਾਖੀਕਾਰ ਇਕ ਹੋਰ ਮਿੱਥਕ ਕਥਾ ਨੂੰ ਦਰਸਾਉਂਦੇ ਹਨ ਜੋ ਗੁਰੂ ਨਾਨਕ ਦੇਵ ਜੀ ਦੇ ਅਧਿਆਤਮਿਕ ਰੂਪਾਂਤਰਣ ਦਾ ਸੰਕੇਤ ਹੈ। ਘਟਨਾ ਇਸ ਪ੍ਰਕਾਰ ਹੈ ਕਿ ਇਕ ਦਿਨ ਗੁਰੂ ਸਾਹਿਬ ਨਿਤਾ ਪ੍ਰਤੀ ਵਾਂਗ ਸੁਲਤਾਨਪੁਰ ਦੇ ਕੋਲ ਵਹਿੰਦੀ ਵੇਈਂ ਨਦੀ ਵਿਚ ਇਸ਼ਨਾਨ ਕਰਨ ਗਏ। ਆਪਣੇ ਸੇਵਾਦਾਰ ਨੂੰ ਕੱਪੜਿਆਂ ਦੀ ਰਾਖੀ ਬਿਠਾ ਗਏ ਪਰੰਤੂ ਤਿੰਨ ਦਿਨ ਉੱਥੇ ਹੀ ਅਲੋਪ ਰਹੇ। ਲੋਕ ਤਰ੍ਹਾਂ-ਤਰ੍ਹਾਂ ਦੇ ਅਨੁਮਾਨ ਲਗਾ ਰਹੇ ਸਨ। ਚੌਥੇ ਦਿਨ ਗੁਰੂ ਸਾਹਿਬ ਨਦੀ ਤੋਂ ਬਾਹਰ ਆਏ ਤਾਂ ਉਨ੍ਹਾਂ ਵਿਚ ਚਮਤਕਾਰੀ ਤਬਦੀਲੀ ਵੇਖੀ ਗਈ। ਵੇਈਂ ਨਦੀ ਵਿਚੋਂ ਬਾਹਰ ਨਿਕਲਦਿਆਂ ਉਨ੍ਹਾਂ ਨੇ ਪਹਿਲਾਂ ਬਚਨ ਕੀਤਾ ਨਾ ਕੋ ਹਿੰਦੂ ਨਾ ਕੋ ਮੁਸਲਮਾਨ!। ਦਰਅਸਲ ਇਹ ਗੁਰੂ ਸਾਹਿਬ ਦੀ ਬ੍ਰਹਿਮੰਡੀ ਦ੍ਰਿਸ਼ਟੀ ਦਾ ਸਾਖਸ਼ਾਤ ਹੋਣਾ ਸੀ। ਇੱਥੋਂ ਹੀ ਇਕ ਨਵੇਂ ਧਰਮ ਅਤੇ ਜੀਵਨ ਢੰਗ ਦੀ ਬੁਨਿਆਦ ਰੱਖਣ ਹਿਤ ਆਪ ਨੇ ਆਪਣੇ ਰੂਹਾਨੀ ਸੰਦੇਸ਼ ਦੇ ਸੰਚਾਰ ਦਾ ਆਰੰਭ ਕੀਤਾ। ਇਸ ਘਟਨਾ ਉਪਰੰਤ ਆਪ ਨੇ ਗ੍ਰਿਹਸਥੀ ਜੀਵਨ ਤਿਆਗ ਕੇ ਦਰਵੇਸ਼ੀ ਬਾਣਾ ਗ੍ਰਹਿਣ ਕੀਤਾ ਅਤੇ ਦੇਸ਼ ਦੇਸ਼ਾਂਤਰਾਂ ਦੀ ਯਾਤਰਾ 'ਤੇ ਨਿਕਲ ਪਏ। ਯਾਤਰਾ ਦੌਰਾਨ ਉਨ੍ਹਾਂ ਦਾ ਸੰਗੀ ਉਨ੍ਹਾਂ ਦੇ ਬਚਪਨ ਦਾ ਸਾਥੀ ਮਰਦਾਨਾ ਰਬਾਬੀ ਸੀ ਜੋ ਰਬਾਬ ਨਾਲ ਗੁਰੂ ਨਾਨਕ ਦੇਵ ਜੀ ਦੇ ਬੋਲਾਂ ਨੂੰ ਸੰਗੀਤਕ ਛੁਹ ਪ੍ਰਦਾਨ ਕਰਦਾ ਸੀ।

ਗੁਰੂ ਨਾਨਕ ਸਾਹਿਬ ਦੀਆਂ ਵੱਖ-ਵੱਖ ਉਦਾਸੀਆਂ ਦਾ ਕੋਈ ਨਿਸ਼ਚਿਤ ਨਿਰਣਾ ਪ੍ਰਾਪਤ ਨਹੀਂ ਹੁੰਦਾ। ਭਾਈ ਗੁਰਦਾਸ ਦੁਆਰਾ ਲਿਖੀ ਗਈ ਵਾਰ ਜੋ ਸਭ ਤੋਂ ਪ੍ਰਾਚੀਨ ਅਤੇ ਸਵੀਕ੍ਰਿਤ ਹੈ, ਵਿਚ ਵਿਸਥਾਰ ਪੂਰਾ ਨਹੀਂ ਹੈ। ਪੁਰਾਤਨ ਜਨਮ ਸਾਖੀ ਵਿਚ ਚਾਰ ਵੱਡੀਆਂ ਅਤੇ ਇਕ ਛੋਟੀ ਕੁੱਲ ਪੰਜ ਉਦਾਸੀਆਂ ਦਾ ਜ਼ਿਕਰ ਹੈ। ਮਿਹਰਬਾਨ ਵਾਲੀ ਜਨਮ ਸਾਖੀ ਵਿਚ ਕੇਵਲ ਦੋ ਉਦਾਸੀਆਂ ਦਾ ਵਰਨਣ ਮਿਲਦਾ ਹੈ। ਇਨ੍ਹਾਂ ਦੋਵਾਂ ਜਨਮ ਸਾਖੀਆਂ ਵਿਚ ਘੁੰਮੇ ਹੋਏ ਸਥਾਨਾਂ ਦਾ ਕ੍ਰਮ ਵੀ ਭਿੰਨ ਹੈ ਪਰੰਤੂ ਇਹਤਾਂ ਸਪੱਸ਼ਟ ਹੈ ਕਿ ਗੁਰੂ ਸਾਹਿਬ ਦੀਆਂ ਯਾਤਰਾਵਾਂ ਵੱਖ-ਵੱਖ ਸਥਾਨਾਂ ਅਤੇ ਲੰਮੇ ਕਾਲ ਖੰਡ ਵਿਚ ਫੈਲੀਆਂ ਹੋਈਆਂ ਹਨ।ਆਪ ਦੀ ਪਹਿਲੀ ਉਦਾਸੀ ਪੂਰਬ ਵੱਲ ਦੀ ਸੀ ਜਿਸ ਵਿਚ ਉਨ੍ਹਾਂ ਨੇ ਹਿੰਦੂ ਧਰਮ ਅਸਥਾਨਾਂ ਦਾ ਵਿਸ਼ੇਸ਼ ਰੂਪ ਵਿਚ ਭ੍ਰਮਣ ਕੀਤਾ। ਕੁਰੂਕਸ਼ੇਤਰ, ਪਾਣੀਪਤ, ਦਿੱਲੀ, ਹਰਦੁਵਾਰ, ਬਨਾਰਸ, ਗਯਾ, ਪਟਨਾ, ਢਾਕਾ, ਅਸਾਮ ਅਤੇ ਜਗਨਾਥ ਪੁਰੀ ਆਦਿ ਥਾਵਾਂ ਹਨ ਜਿੱਥੇ ਗੁਰੂ ਸਾਹਿਬ ਨੇ ਭਿੰਨ ਭਿੰਨ ਧਰਮਾਂ ਦੇ ਪੈਰੋਕਾਰਾਂ ਅਤੇ ਸੰਪਰਦਾਵਾਂ ਦੇ ਮੁਖੀਆਂ ਨਾਲ ਸੰਵਾਦ ਰਚਾਇਆ ਅਤੇ ਆਪਣੇ ਵਿਚਾਰਾਂ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਆਪ ਜਿੱਥੇ ਵੀ ਗਏ ਆਪ ਦੇ ਚਰਨਾਂ ਦੀ ਛੋਹ ਦੀ ਯਾਦ ਵਿਚ ਗੁਰਦੁਆਰੇ ਸਥਾਪਤ ਹੋਏ। ਦੂਸਰੀ ਉਦਾਸੀ ਆਪ ਦੀ ਦੱਖਣ

ਦੀਪਤੋਂ ਲੈ ਕੇ ਲੰਕਾ ਤਕ ਹੋਈ। ਤੀਸਰੀ ਉਦਾਸੀ ਉੱਤਰ ਵੱਲ ਦੀ ਸੀ ਜਿਸ ਵਿਚ ਯੋਗੀਆਂ ਤੇ ਹਿੰਦੂ ਦੇਵੀ ਦੇਵਤਿਆਂ ਦੇ ਕੇਂਦਰ ਸ਼ਾਮਲ ਸਨ। ਇੱਥੇ ਆਪ ਨੇਪਾਲ ਪਾਰ ਕਰਕੇ ਤਿੱਬਤ ਦੇ ਪੱਛਮੀ ਇਲਾਕਿਆਂ ਵਿਚੋਂ ਹੁੰਦੇ ਹੋਏ ਕੈਲਾਸ਼ ਪਰਬਤ ਤੇ ਮਾਨਸਰੋਵਰ ਝੀਲ ਤਕ ਵੀ ਪਹੁੰਚੇ, ਜਿਸ ਦਾ ਵਰਨਣ ਭਾਈ ਗੁਰਦਾਸ ਦੀ ਵਾਰ ਵਿਚੋਂ ਵੀ ਪ੍ਰਤੱਖ ਹੁੰਦਾ ਹੈ। ਭਾਈ ਗੁਰਦਾਸ ਜੀ ਅਨੁਸਾਰ :

ਫਿਰਿ ਪੁਛਣਿ ਸਿਧ ਨਾਨਕਾ ਮਾਤ ਲੋਕ ਵਿਚਿ ਕਿਆ ਵਰਤਾਰਾ।
ਸਭ ਸਿਧੀ ਇਹ ਬੁਝਿਆ ਕਲਿ ਤਾਰਨਿ ਨਾਨਕ ਅਵਤਾਰਾ।
ਬਾਬੇ ਆਖਿਆ ਨਾਥ ਜੀ ਸਚੁ ਚੰਦ੍ਰਮਾ ਕੂੜੁ ਅੰਧਾਰਾ।
ਕੂੜੁ ਅਮਾਵਸਿ ਵਰਤਿਆ ਹਉ ਭਾਲਣਿ ਚੜ੍ਹਿਆ ਸੰਸਾਰਾ। (ਵਾਰਾਂ ਭਾਈ ਗੁਰਦਾਸ, ਵਾਰ ੧, ਪਉੜੀ ੨੯)

ਨਾਥਾਂ ਜੋਗੀਆਂ ਨਾਲ ਸੰਵਾਦ ਅਤੇ ਵਿਚਾਰ ਵਟਾਂਦਰੇ ਦਾ ਆਦਾਨ ਪ੍ਰਦਾਨ ਗੁਰੂ ਸਾਹਿਬ ਦੁਆਰਾ ਰਚਿਤ ਬਾਣੀ ਸਿਧ ਗੋਸਟਿ ਵਿਚੋਂ ਵੀ ਸਪੱਸ਼ਟ ਰੂਪਮਾਨ ਹੁੰਦਾ ਹੈ। ਚੌਥੀ ਉਦਾਸੀ ਆਪ ਦੀ ਪੱਛਮ ਵੱਲ ਦੀ ਸੀ, ਕਿਹਾ ਜਾਂਦਾ ਹੈ ਕਿ ਆਪ ਨੇ ਸਮੁੰਦਰ ਰਾਹੀਂ ਵੀ ਸਫ਼ਰ ਕੀਤਾ ਅਤੇ ਮੱਕੇ ਵਿਖੇ ਹਾਜੀਆਂ ਅਤੇ ਬਾਬੇ ਨਾਨਕ ਵਿਚਲੇ ਸੰਵਾਦ ਦਾ ਜ਼ਿਕਰ ਭਾਈ ਗੁਰਦਾਸ ਵੀ ਕਰਦੇ ਹਨ। ਹਾਜੀ ਗੁਰੂ ਸਾਹਿਬ ਦਾ ਵਿਹਾਰ ਦੇਖ ਕੇ ਪੁੱਛਣ ਲੱਗੇ ਕਿ ਉਹ ਹਿੰਦੂ ਹਨ ਜਾਂ ਮੁਸਲਮਾਨੈ ਇਸ ਸਬੰਧੀ ਭਾਈ ਗੁਰਦਾਸ ਦਾ ਕਥਨ ਹੈ :

ਵਡਾ ਸਾਂਗ ਵਰਤਾਇਆ ਲਖਿ ਨ ਸਕੈ ਕੁਦਰਤਿ ਕੋਈ॥
ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ॥ (ਵਾਰਾਂ ਭਾਈ ਗੁਰਦਾਸ, ਵਾਰ ੧, ਪਉੜੀ ੩੩)

ਉਕਤ ਦੇ ਉੱਤਰ ਵਿਚ ਗੁਰੂ ਨਾਨਕ ਨੇ ਕਿਹਾ :
'ਬਾਬਾ ਆਖੇ ਹਾਜੀਆ ਸ਼ੁਭ ਅਮਲਾ ਬਾਝੋ ਦੋਵੇਂ ਰੋਈ'ਜੇ ਅਮਲ ਚੰਗੇ ਨਹੀਂ ਤਾਂ ਨਾ ਹਿੰਦੂ ਚੰਗਾ ਹੈ ਤੇ ਨਾ ਹੀ ਮੁਸਲਮਾਨ। ਇਸ ਉਦਾਸੀ ਦੌਰਾਨ ਆਪਤ ਹਿਰਾਨ, ਬੁਖਾਰਾ, ਕੁਰਮਾਨ, ਸਮਰਕੰਦ ਬਲਖ, ਕਾਬੁਲ, ਜਲਾਲਾਬਾਦ ਤੇ ਖੈਬਰ ਪਾਰ ਕਰ ਕੇ ਪਿਸ਼ਾਵਰ ਪਹੁੰਚੇ। ਆਪ ਉਸ ਸਥਾਨ ਤੋਂ ਵੀ ਲੰਘੇ ਜਿੱਥੇ ਅੱਜ ਪੱਛਮੀ ਪੰਜਾਬ ਪਾਕਿਸਤਾਨ ਵਿਖੇ ਗੁਰਦੁਆਰਾ ਪੰਜਾ ਸਾਹਿਬ ਹੈ। ਇਸੇ ਯਾਤਰਾ ਦੌਰਾਨ ਆਪ ਨੂੰ ਬਾਬਰ ਦੇ ਹਮਲੇ ਦਾ ਪਤਾ ਲੱਗਿਆ। ਲੋਕ ਧਾਰਨਾ ਅਨੁਸਾਰ ਜਦੋਂ ਬਾਬਰ ਨੇ 1520 ਈਸਵੀ ਨੂੰ ਸੈਦਪੁਰ ਏਮਨਾਬਾਦ ਨੂੰ ਲੁੱਟਿਆ ਤਾਂ ਗੁਰੂ ਨਾਨਕ ਉਸ ਸਮੇਂ ਸ਼ਹਿਰ ਵਿਚ ਮੌਜੂਦ ਸਨ। ਉਨ੍ਹਾਂ ਦੁਆਰਾ ਹਿੰਦੁਸਤਾਨ ਦੀ ਜਨਤਾ ਨੂੰ ਬਾਬਰ ਦੇ ਜ਼ੁਲਮ, ਤਬਾਹੀ ਅਤੇ ਜ਼ਲਾਲਤ ਨੂੰ ਸਹਿੰਦਿਆਂ ਵੇਖਦਿਆਂ ਰਾਜਸੀ ਉੱਥਲ-ਪੁੱਥਲ ਅਤੇ ਲੋਕਾਂ ਉੱਤੇ ਹੋਏ ਜ਼ੁਲਮ ਦਾ ਵਰਨਣ ਗੁਰੂ ਸਾਹਿਬ ਦੀ ਬਾਣੀ ਵਿਚ ਕਈ ਥਾਂਈ ਪ੍ਰਾਪਤ ਹੁੰਦਾ ਹੈ, ਜਿਸ ਨੂੰ ਬਾਬਰ ਵਾਣੀ ਦੇ ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਇਸ ਸਬੰਧੀ ਨਿਮਨ ਲਿਖਤ ਪੰਗਤੀਆਂ ਉਦਾਹਰਣ ਵਜੋਂ ਪ੍ਰਸਤੁਤ ਹਨ :

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥
ਪਾਪ ਕੀ ਜੰਞ ਲੈ ਕਾਬਲ ਹੁ ਧਾਇਆ, ਜੋਰੀ ਮੰਗੈ ਦਾਨ ਵੇ ਲਾਲੋ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੨)

ਉਪਰੋਕਤ ਬਾਣੀ ਤੁਕਾਂ ਤੋਂ ਬਾਬਰ ਦੀ ਲੁੱਟ ਅਤੇ ਜ਼ੁਲਮ ਦੀ ਇਤਿਹਾਸਕ ਘਟਨਾ ਦੇ ਦੀਦਾਰ ਹੁੰਦੇ ਹਨ। ਉਪਰਾਂਤ ਆਪ ਨੇ ਜੀਵਨ ਦੇ ਆਖਰੀ ਅਠਾਰ੍ਹਾਂ ਵਰ੍ਹੇ ਕਰਤਾਰਪੁਰ ਵਿਖੇ ਬਿਤਾਏ। ਭਾਈ ਗੁਰਦਾਸ ਅਨੁਸਾਰ ਗੁਰੂ ਸਾਹਿਬ ਨੇ ਇੱਥੇ ਇਕ ਗ੍ਰਹਿਸਥੀ ਦੇ ਬਾਣੇ ਵਿਚ ਸੱਚੇ-ਸੰਤ ਵਾਲਾ ਜੀਵਨ ਬਤੀਤ ਕੀਤਾ।

ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲਾ ਉਤਾਰਾ।
ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ। (ਵਾਰਾਂ ਭਾਈ ਗੁਰਦਾਸ, ਵਾਰ ੧, ਪਉੜੀ੩੮)

ਦਰਿਆ ਰਾਵੀ ਦੇ ਕੰਢੇ ਕਰਤਾਰਪੁਰ ਨਗਰ ਆਪ ਦਾ ਵਸਾਇਆ ਹੋਇਆ ਹੈ। ਕਰਤਾਰਪੁਰ ਵਿਖੇ ਆਪ ਨੇ ਮੁੜ ਗ੍ਰਹਿਸਥ ਧਰਮ ਧਾਰਨ ਕਰਦਿਆਂ ਖੇਤੀ ਕਰਦਿਆਂ ਭਾਵ ਕਿਰਤ ਕਰਦਿਆਂ ਗ੍ਰਹਿਸਥ ਜੀਵਨ-ਜੁਗਤ ਨੂੰ ਵਡਿਆਇਆ। ਸੰਨ 1539 ਈਸਵੀ ਵਿਚ ਆਪ ਦੇ ਅਨਿਨ ਸਿੱਖ ਅਤੇ ਸ਼ਰਧਾਲੂ ਭਾਈ ਲਹਿਣੇ (ਗੁਰੂ ਅੰਗਦ ਦੇਵ) ਨੂੰ ਦੂਜੇ ਨਾਨਕ ਦੇ ਰੂਪ ਵਿਚ ਗੁਰੂ ਗੱਦੀ ਦਾ ਵਾਰਿਸ ਥਾਪਿਆ ਅਤੇ 22 ਸਤੰਬਰ 1539 ਨੂੰ ਜੋਤਿ ਜਤਿ ਸਮਾਗਏ। ਇੱਥੇ ਇਹ ਵੀ ਮਹੱਤਵਪੂਰਨ ਹੈ ਕਿ ਆਪ ਨੇ ਆਪਣੇ ਪੁੱਤਰਾਂ ਲੱਖਮੀ ਦਾਸ ਜਾਂ ਸ੍ਰੀਚੰਦ ਨੂੰ ਆਪਣਾ ਰੂਹਾਨੀ ਵਾਰਿਸ ਨਾ ਥਾਪ ਕੇ ਗੁਰਮਤਿ ਵਿਚਾਰ ਧਾਰਾਈ ਪ੍ਰਤਿਬੱਧਤਾ ਰੱਖਣ ਵਾਲੇ ਭਾਈ ਲਹਿਣਾ ਨੂੰ ਇਸ ਪ੍ਰਥਾਇ ਚੁਣਿਆ।

ਗੁਰੂ ਨਾਨਕ ਦੇਵ ਜੀ ਨੇ ਆਪਣੇ 70 ਵਰ੍ਹਿਆਂ ਦੌਰਾਨ ਸਰਬ ਲੋਕਾਈ ਨੂੰ ਸੰਦੇਸ਼ ਦਿੰਦਿਆਂ ਇਕ ਵਿਸ਼ੇਸ਼ ਸਮਾਜ ਨੂੰ ਸਮੂਰਤ ਕਰਨ ਦਾ ਯਤਨ ਕੀਤਾ ਜਿਸ ਦਾ ਵਰਨਣ ਆਪ ਦੁਆਰਾ ਰਚਿਤ ਬਾਣੀ ਦੇ ਅਧਿਐਨ ਵਿਚੋਂ ਸਪੱਸ਼ਟ ਦ੍ਰਿਸ਼ਟੀ ਗੋਚਰ ਹੁੰਦਾ ਹੈ। ਆਪ ਦੁਆਰਾ ਰਚਿਤ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹੈ। ਇਹ ਬਾਣੀ 20 ਰਾਗਾਂ ਵਿਚ ਹੈ ਜਿਸ ਦੇ ਕੁੱਲ 974 ਸ਼ਬਦ ਹਨ। ਪ੍ਰਮੁੱਖ ਬਾਣੀਆਂ ਜਪੁ, ਸਿਧ ਗੋਸਟਿ, ਸੋਦਰੁ, ਸੋਹਿਲਾ, ਆਰਤੀ, ਦਖਣੀ ਓਅੰਕਾਰ, ਆਸਾ ਦੀ ਵਾਰ, ਮਲਾਰ ਤੇ ਮਾਝ ਦੀ ਵਾਰ, ਪੱਟੀ, ਬਾਰਹਮਾਹ ਹਨ। ਇਸ ਤੋਂ ਬਿਨਾਂ ਪਦੇ, ਅਸਟਪਦੀਆਂ, ਸਲੋਕ ਅਤੇ ਛੰਤ ਰੂਪ ਵੀ ਮਿਲਦੇ ਹਨ। ਆਪ ਦੁਆਰਾ ਰਚਿਤ ਬਾਣੀ ਦਾ ਵਿਸਤ੍ਰਿਤ ਵੇਰਵਾ ਇਸ ਪ੍ਰਕਾਰ ਹੈ:

**ਬਾਣੀ ਬਿਓਰਾ : ਗੁਰੂ ਨਾਨਕ ਦੇਵ ਜੀ**

| **ਰਾਗ** | **ਬਾਣੀਰਚਨਾ** | **ਸ਼ਬਦ** | **ਪੰਨਾ** |
|---|---|---|---|
| ਸਿਰੀਰਾਗ | ਚਉਪਦੇ | ੩੩ | ੧੪-੨੫ |
| ਸਿਰੀਰਾਗ | ਅਸਟਪਦੀਆਂ | ੧੭ | ੫੩-੬੪ |
| ਸਿਰੀਰਾਗ | ਜੋਗੀ ਅੰਦਰ ਜੋਗੀਆ | ੧ | ੭੧ |
| ਸਿਰੀਰਾਗ | ਪਹਿਲੈ (ਪਹਰੈ) ਰੈਣਿ ਕੇ | ੨ | ੭੪-੭੫ |
| ਰਾਗਮਾਝ | ਅਸਟਪਦੀਆਂਵਾਰ | ੧੧ | ੧੦੯, ੧੩੭-੧੫੦ |
| ਰਾਗਗਉੜੀ | ਚਉਪਦੇ ਦੁਪਦੇ | ੨੦ | ੧੫੧-੧੫੭ |
| ਰਾਗਗਉੜੀ | ਅਸਟਪਦੀਆਂ | ੧੮ | ੨੨੦-੨੨੯ |
| ਰਾਗਗਉੜੀ | ਛੰਤ | ੨ | ੨੪੨-੨੪੩ |
| ਰਾਗਆਸਾ | ਸੋਦਰੁ | ੧ | ੩੪੭ |
| ਰਾਗਆਸਾ | ਸ਼ਬਦ | ੩੯ | ੩੪੮-੩੬੦ |
| ਰਾਗਆਸਾ | ਅਸਟਪਦੀਆਂ | ੨੨ | ੪੧੧-੪੨੨ |
| ਰਾਗਆਸਾ | ਪਟੀ (ਸਸੈ ਸੋਈ ਸ੍ਰਿਸ਼ਟ) | ੧ | ੪੩੨ |
| ਰਾਗਆਸਾ | ਛੰਤ | ੫ | ੪੩੫-੪੩੮ |
| ਰਾਗਆਸਾ | ਵਾਰ | ੧ | ੪੬੩-੪੭੫ |
| ਰਾਗਗੂਜਰੀ | ਚਉਪਦੇ | ੨ | ੪੮੯ |
| ਰਾਗਗਉੜੀ | ਅਸਟਪਦੀਆਂ | ੫ | ੫੦੩-੫੦੫ |
| ਰਾਗਵਡਹੰਸੁ | ਚਉਪਦੇ | ੩ | ੫੫੭ |
| ਰਾਗਵਡਹੰਸੁ | ਛੰਤ | ੨ | ੫੬੫-੫੬੬ |
| ਰਾਗਵਡਹੰਸੁ | ਅਲਾਹੁਣੀਆਂ | ੫ | ੫੭੮-੫੮੧ |
| ਰਾਗ ਸੋਰਠਿ | ਚਉਪਦੇ | ੧੨ | ੫੯੫-੫੯੯ |
| ਰਾਗ ਸੋਰਠਿ | ਅਸਟਪਦੀਆਂ | ੪ | ੬੩੪-੬੩੬ |

| | | | |
|---|---|---|---|
| ਰਾਗਧਨਾਸਰੀ | ਚਉਪਦੇ | ੮ | ੬੬੦-੬੬੨ |
| ਰਾਗਧਨਾਸਰੀ | ਆਰਤੀ | ੧ | ੬੬੩ |
| ਰਾਗਧਨਾਸਰੀ | ਅਸਟਪਦੀਆਂ | ੨ | ੬੮੫-੬੮੬ |
| ਰਾਗਧਨਾਸਰੀ | ਛੰਤ | ੩ | ੬੮੭-੬੮੯ |
| ਰਾਗਤਿਲੰਗ | ਚਉਪਦੇ | ੫ | ੭੨੧-੭੨੨ |
| ਰਾਗਤਿਲੰਗ ਹਰਿਕੀਆਕਥਾ | ਜਿਨਿਕਿਆਤਿਨਿ | ੨ | ੭੨੪-੭੨੫ |
| ਰਾਗ ਸੂਹੀ | ਚਉਪਦੇ | ੯ | ੭੨੮-੭੩੦ |
| ਰਾਗ ਸੂਹੀ | ਅਸਟਪਦੀਆਂ | ੫ | ੭੫੦-੭੫੨ |
| ਰਾਗ ਸੂਹੀ | ਕੁਚਜੀ | ੮ | ੭੬੨-੭੬੬ |
| ਰਾਗਬਿਲਾਵਲੁ | ਚਉਪਦੇ | ੪ | ੭੯੫-੭੯੬ |
| ਰਾਗਬਿਲਾਵਲੁ | ਅਸਟਪਦੀਆਂ | ੨ | ੮੩੧-੮੩੨ |
| ਰਾਗਬਿਲਾਵਲੁ | ਥਿਤੀ | ੧ | ੮੩੮ |
| ਰਾਗਬਿਲਾਵਲੁ | ਛੰਤਦੱਖਣੀ | ੨ | ੮੪੩ |
| ਰਾਗਰਾਮਕਲੀ | ਚਉਪਦੇ | ੧੧ | ੮੭-੮੭੯ |
| ਰਾਗਰਾਮਕਲੀ | ਅਸਟਪਦੀਆਂ | ੯ | ੯੦-੯੦੭ |
| ਰਾਗਰਾਮਕਲੀ | ਦਖਣੀਓਅੰਕਾਰ | ੧ | ੯੨੯ |
| ਰਾਗਰਾਮਕਲੀ | ਸਿਧ ਗੋਸਟਿ | ੧ | ੯੩੮-੯੪੬ |
| ਰਾਗਮਾਰੂ | ਚਉਪਦੇ | ੧੨ | ੯੮੯-੯੯੩ |
| ਰਾਗਮਾਰੂ | ਅਸਟਪਦੀਆਂ | ੮ | ੧੦੦੮-੧੦੧੩ |
| ਰਾਗਮਾਰੂ | ਕਾਫੀ | ੩ | ੧੦੧੪-੧੦੧੫ |
| ਰਾਗਮਾਰੂ | ਸੋਲਹੇ | ੨੨ | ੧੦੨੦-੧੦੪੨ |
| ਰਾਗਤੁਖਾਰੀ | ਬਾਰਹਮਾਹ | ੧ | ੧੧੦੭-੧੧੧੦ |
| ਰਾਗਤੁਖਾਰੀ | ਪਹਰੈ | ੨ | ੧੧੧੦ |
| ਰਾਗਤੁਖਾਰੀ | ਸ਼ਬਦ | ੪ | ੧੧੧੦-੧੧੧੨ |
| ਰਾਗਭੈਰਉ | ਚਉਪਦੇ | ੮ | ੧੧੨੫-੧੧੨੭ |
| ਰਾਗਭੈਰਉ | ਅਸਟਪਦੀ | ੧ | ੧੧੫੩ |
| ਰਾਗਬਸੰਤੁ | ਚਉਪਦੇਦੁਤੁਕੇ | ੩ | ੧੧੬੮-੧੧੬੯ |
| ਰਾਗਬਸੰਤੁ | ਸਗਲਭਵਨ ਤੇਰੀ ਮਾਇਆਮੋਹ | ੩ | ੧੧੬੯-੧੧੭੦ |
| ਰਾਗਬਸੰਤੁ ਹਿੰਡੋਲ | ਚਉਪਦੇ | ੪ | ੧੧੭੧ |
| ਰਾਗਬਸੰਤ | ਅਸਟਪਦੀਆਂ | ੭ | ੧੧੮੭-੧੧੯੦ |
| ਰਾਗਬਸੰਤ | ਛੰਤ | ੧ | ੧੧੯੦ |
| ਰਾਗ ਸਾਰੰਗ | ਚਉਪਦੇ | ੩ | ੧੧੯੭ |
| ਰਾਗ ਸਾਰੰਗ | ਅਸਟਪਦੀਆਂ | ੨ | ੧੨੩੨ |
| ਰਾਗਮਲਾਰ | ਚਉਪਦੇ | ੯ | ੧੨੫੪-੧੨੫੭ |
| ਰਾਗਮਲਾਰ | ਅਸਟਪਦੀਆਂ | ੫ | ੧੨੭੩-੧੨੭੫ |

| | | | |
|---|---|---|---|
| ਰਾਗਮਲਾਰ | ਵਾਰ | ੧ | ੧੨੭੯ |
| ਰਾਗਪ੍ਰਭਾਤੀ | ਚਉਪਦੇ | ੧੭ | ੧੩੨੭-੧੩੪੫ |
| ਰਾਗਪ੍ਰਭਾਤੀ | ਅਸਟਪਦੀਆਂ | ੭ | ੧੩੪੨-੧੩੪੫ |
| | ਸਲੋਕਸਹਸਕ੍ਰਿਤੀ | ੧ | ੧੩੫੩ |
| | ਸਵਯੈ ਮੁਖਵਾਕ | ੧ | ੧੩੮੭ |
| | ਸਲੋਕਵਾਰਾਂ ਤੇ ਵਧੀਕ | ੧ | ੧੪੧੦ |

ਗੁਰੂ ਨਾਨਕ ਦੇਵ ਜੀ ਦੀਆਂ ਉਕਤ ਬਾਣੀ ਰਚਨਾਵਾਂ ਤੋਂ ਬਿਨਾਂ ਉਨ੍ਹਾਂ ਦੇ ਨਾਮ ਤੇ ਪ੍ਰਚਲਿਤ ਹੋਰ ਸ਼ਬਦ ਸਲੋਕ ਅਤੇ ਗੋਸ਼ਟਾਂ ਵੀ ਪ੍ਰਾਪਤ ਹੁੰਦੀਆਂ ਹਨ ਜਿਨ੍ਹਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਵਿਚ ਸ਼ਾਮਲ ਨਹੀਂ ਕੀਤਾ। ਇਕ ਹੋਰ ਪ੍ਰਸਿੱਧ ਰਚਨਾ ਪ੍ਰਾਣ ਸੰਗਲੀ! ਵੀ ਪ੍ਰਾਪਤ ਹੁੰਦੀ ਹੈ ਜਿਸ ਦੇ ਅੰਤਰਗਤ ਵੀ ਗੁਰੂ ਨਾਨਕ ਦੇ ਨਾਮ ਉੱਤੇ ਕਾਵਿ ਅਤੇ ਵਾਰਤਕ ਦਰਜ ਹੈ ਪਰੰਤੂ ਇੱਥੇ ਸਿਰਫ਼ ਤੇ ਸਿਰਫ਼ ਪ੍ਰਮਾਣਿਕ ਬਾਣੀ ਨੂੰ ਹੀ ਲਿਆ ਜਾ ਰਿਹਾ, ਜਿਸ ਦਾ ਸੰਕਲਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਇਆ ਹੈ।

ਗੁਰੂ ਨਾਨਕ ਬਾਣੀ ਨਾਲ ਸਾਹਿਤ ਵਿਚ ਇਕ ਨਵੇਂ ਯੁੱਗ ਦਾ ਆਰੰਭ ਹੁੰਦਾ ਹੈ। ਆਪ ਨੇ ਗੁਰਮਤਿ ਵਿਚਾਰਧਾਰਾ ਦੀ ਸਿਧਾਂਤਕ ਅਗਵਾਈ ਕਰਦਿਆਂ ਮਨੁੱਖੀ ਜੀਵਨ ਜਾਂਚ ਨੂੰ ਆਦਰਸ਼ਕ ਜੀਵਨ ਜਿਉਣ ਦੀ ਸੇਧ ਦਿੱਤੀ।

**amritgsingh@gmail.com**

# ਸ੍ਰੀ ਗੁਰੂ ਰਾਮਦਾਸ ਜੀ ਦੀ ਗੁਰਮਤਿ ਸੰਗੀਤ ਨੂੰ ਦੇਣ

**ਅਜੈਪਾਲ ਸਿੰਘ ਚਵਿੰਡਾ**

ਗੁਰਮਤਿ ਸੰਗੀਤ ਪੱਧਤੀ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਸ੍ਰੀ ਗੁਰੂ ਰਾਮਦਾਸ ਜੀ ਸਿੱਖਾਂ ਦੇ ਚੌਥੇ ਗੁਰੂ ਹੋਏ ਹਨ।ਆਪ ਜੀ ਦਾ ਜਨਮ 1534 ਈ.ਨੂੰ ਪਿਤਾ ਹਰਿਦਾਸ ਜੀ ਦੇ ਘਰ ਚੂਨਾ ਮੰਡੀ ਲਾਹੌਰ ਵਿਖੇ ਹੋਇਆ। ਆਪ ਜੀ ਦਾ ਬਚਪਨ ਦਾ ਨਾਮ ਜੇਠਾ ਸੀ। ਜੇਠਾਜੀ ਧਾਰਮਿਕ ਵਿਚਾਰਾਂ ਵਾਲੇ, ਸੇਵਾ ਅਤੇ ਸ਼ਰਧਾਮਈ ਭਾਵਾਂ ਦੇ ਨਾਲ ਭਰਪੂਰ ਸਨ। ਆਪ ਗੁਰੂ ਦਰਬਾਰ ਵਿਚ ਆਈਆਂ ਸੰਗਤਾਂ ਦੀ ਸੇਵਾ ਕਰਿਆ ਕਰਦੇ ਸਨ ਜਿਸ ਤੋਂ ਪ੍ਰਸੰਨ ਹੋ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਦਾ ਵਿਆਹ ਆਪ ਜੀ ਨਾਲ ਕੀਤਾ। ਉਪਰੰਤ ਉਹਨਾਂ ਦੀ ਸੇਵਾ ਭਗਤੀ ਨੂੰ ਵੇਖਦੇ ਹੋਏ ਸੰਨ 1574 ਈ.ਵਿਚ ਗੁਰੂ ਅਮਰਦਾਸ ਜੀ ਨੇ ਉਹਨਾਂ ਨੂੰ ਗੁਰਿਆਈ ਦੇ ਕੇ ਗੁਰੂ ਰਾਮਦਾਸ ਦਾ ਨਾਮ ਦਿੱਤਾ।

ਗੁਰੂ ਜੀ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗਈ ਗੁਰਮਤਿ ਸੰਗੀਤ ਪਰੰਪਰਾ ਨੂੰ ਕਾਇਮ ਹੀ ਨਹੀਂ ਰੱਖਿਆ ਸਗੋਂ ਕਈ ਨਵੀਨ ਸੰਭਾਵਨਾਵਾਂ ਨੂੰ ਉਜਾਗਰ ਕੀਤਾ। ਗੁਰੂ ਰਾਮਦਾਸ ਜੀ ਤੱਕ ਸਿੱਖ ਸ਼ਰਧਾਲੂਆਂ ਦੀ ਗਿਣਤੀ ਕਾਫੀ ਹੋ ਚੁੱਕੀ ਸੀ। ਸਵੇਰੇ ਸ਼ਾਮ ਦੀਵਾਨ ਲਗਾਏ ਜਾਂਦੇ ਅਤੇ ਕੀਰਤਨ ਹੁੰਦਾ ਸੀ। ਇਹਨਾਂ ਦੀਵਾਨਾਂ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਦੀ ਬਾਣੀ ਦਾ ਗਾਇਨ ਕੀਤਾ ਜਾਂਦਾ ਸੀ।

**ਰਾਗ ਅਧੀਨ ਬਾਣੀ ਦੀ ਰਚਨਾ**- ਗੁਰੂ ਜੀ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪ੍ਰਸਾਰ ਹਿੱਤ ਆਪਣੀ ਬਾਣੀ ਨੂੰ ਵੱਖ-ਵੱਖ ਰਾਗਾਂ ਅਧੀਨ ਰਚਿਆ। ਜਿਸ ਤੋਂ ਸਹਿਜੇ ਹੀ ਅਨੁਮਾਨ ਲੱਗ ਜਾਂਦਾ ਹੈ ਕਿ ਇਸ ਸ਼ਬਦ ਨੂੰ ਕਿਸ ਰਾਗ ਵਿਚ ਗਾਇਨ ਕਰਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਜੀ ਦੇ ਵੱਖ-ਵੱਖ ਰਾਗਾਂ ਵਿਚ 679 ਸ਼ਬਦ ਅਤੇ ਸਲੋਕ ਦਰਜ ਹਨ।ਆਪਜੀ ਦੀ ਬਾਣੀ ਸਿਰੀ, ਮਾਝ, ਗਉੜੀ ਗੁਆਰੇਰੀ, ਗਉੜੀ ਬੈਰਾਗਣ,ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਟੋਡੀ, ਤਿਲੰਗ, ਸੂਹੀ, ਬਿਲਾਵਲ ਆਦਿ ਰਾਗਾਂ ਵਿਚ ਉਪਲੱਬਧ ਹੈ। ਆਪ ਜੀ ਦੀ ਬਾਣੀ ਦਾ ਵਿਭਿੰਨ ਰਾਗਾਂ ਅਤੇ ਰਾਗ ਪ੍ਰਕਾਰਾਂ ਵਿਚ ਹੋਣਾ ਜਿਥੇ ਗੁਰਮਤਿ ਸੰਗੀਤ ਪਰੰਪਰਾ ਵਿਚ ਰਾਗ ਦੇ ਮਹੱਤਵ ਨੂੰ ਸਪੱਸ਼ਟ ਕਰਦਾ ਹੈ ਉਥੇ ਇਸਦੇ ਪਾਸਾਰ ਦੀਆਂ ਨਵੀਨ ਸੰਭਾਵਨਾਵਾਂ ਨੂੰ ਵੀ ਉਜਾਗਰ ਕਰਦਾ ਹੈ। ਆਪ ਜੀ ਨੇ ਕੁਝ ਰਾਗਾਂ ਦਾ ਪ੍ਰਯੋਗ ਪਹਿਲੀ ਵਾਰੀ ਗੁਰਬਾਣੀ ਵਿਚ ਕੀਤਾ ਗਿਆ ਜਿਵੇਂ ਦੇਵਗੰਧਾਰੀ, ਨਟ ਨਾਰਾਇਣ, ਮਾਲੀ ਗਉੜਾ, ਟੋਡੀ, ਕੇਦਾਰਾ, ਕਾਨੜਾ ਆਦਿ।

**ਵੱਖ-ਵੱਖ ਗਾਇਨ ਸ਼ੈਲੀਆਂ ਦਾ ਪ੍ਰਯੋਗ**- ਗੁਰੂ ਜੀ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਹਿੱਤ ਆਪਣੀ ਬਾਣੀ ਵਿਚ ਬਹੁਤ ਸਾਰੀਆਂ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ। ਗੁਰੂ ਜੀ ਨੇ ਗੁਰਮਤਿ ਸੰਗੀਤ ਦੇ ਅੰਤਰਗਤ ਵਿਭਿੰਨ ਸ਼ਾਸਤਰੀ ਅਤੇ ਲੋਕ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ। ਸ਼ਾਸਤਰੀ ਸੰਗੀਤ ਦੀਆਂ ਗਾਇਨ ਸ਼ੈਲੀਆਂ ਵਿਚ ਪਦੇ, ਅਸ਼ਟਪਦੀਆਂ ਅਤੇ ਲੋਕ ਗਾਇਨ ਸ਼ੈਲੀਆਂ ਘੋੜੀਆਂ, ਛੰਤ, ਵਾਰ ਲੋਕ ਕਾਵਿ ਰੂਪਾਂ ਨੂੰ ਵੇਖਿਆ ਜਾ ਸਕਦਾ ਹੈ।

**ਪੜਤਾਲ ਗਾਇਕੀ ਦਾ ਵਿਸਥਾਰ**– ਗੁਰੂ ਜੀ ਨੇ ਪੜਤਾਲ ਨਾਮਕ ਸ਼ੈਲੀ ਦਾ ਆਵਿਸ਼ਕਾਰ ਕੀਤਾ। ਭਾਰਤੀ ਸੰਗੀਤ ਵਿਚ ਪੜਤਾਲ ਗਾਇਕੀ ਦਾ ਪ੍ਰਚਾਰ ਦ੍ਰਿਸ਼ਟੀ ਗੋਚਰ ਨਹੀਂ ਹੁੰਦਾ ਪ੍ਰੰਤੂ ਗੁਰੂ ਜੀ ਨੇ ਵੱਖ-ਵੱਖ ਰਾਗਾਂ ਵਿਚ 19 ਪੜਤਾਲਾਂ ਦੀ ਰਚਨਾ ਕੀਤੀ। ਆਪ ਜੀ ਦੀਆਂ ਨਟ ਨਾਰਾਇਣ, ਨਟ, ਸਾਰੰਗ, ਮਲਾਰ, ਕਾਨੜਾ ਆਦਿ ਰਾਗਾਂ ਵਿਚ ਪੜਤਾਲਾਂ ਦਾ ਕਾਵਿ ਸਰੂਪ ਵਿਲੱਖਣਤਾ ਦਾ ਧਾਰਨੀ ਹੈ।

**ਕੀਰਤਨ ਕੇਂਦਰ ਦੀ ਸਥਾਪਨਾ**– ਗੁਰੂ ਨਾਨਕ ਦੇਵ ਜੀ ਤੋਂ ਚੱਲੀ ਆ ਰਹੀ ਕੀਰਤਨ ਦੀ ਰੀਤ ਨੂੰ ਗੁਰੂ ਰਾਮਦਾਸ ਜੀ ਨੇ ਵੀ ਜਾਰੀ ਰੱਖਿਆ ਜਿਸ ਸਦਕਾ ਆਪ ਜੀ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਲਈ ਰਾਮਦਾਸਪੁਰਾ ਜਾਂ ਚੱਕ ਗੁਰੂ ਦੀ ਕੀਰਤਨ ਕੇਂਦਰ ਵੱਜੋਂ ਨੀਂਹ ਰੱਖੀ ਜੋ ਕਿ ਵਰਤਮਾਨ ਸਮੇਂ ਵਿਚ ਅੰਮ੍ਰਿਤਸਰ ਦੇ ਨਾਮ ਨਾਲ ਪ੍ਰਸਿੱਧ ਹੈ। ਆਪ ਜੀ ਦੇ ਸਮੇਂ ਭਾਈ ਸੱਤਾ ਤੇ ਬਲਵੰਡ ਨਾਮਕ ਪ੍ਰਸਿੱਧ ਰਬਾਬੀ ਕੀਰਤਨੀਏ ਆਪ ਦੇ ਦਰਬਾਰ ਵਿਚ ਕੀਰਤਨ ਕਰਿਆ ਕਰਦੇ ਸਨ। ਆਪ ਕੇਵਲ ਕੀਰਤਨ ਸੁਣਦੇ ਹੀ ਨਹੀਂ ਸਗੋਂ ਕਰਿਤਨੜੀ ਕਰਦੇ ਸਨ। ਇਸ ਦਾ ਹਵਾਲਾ ਇਸ ਤਰ੍ਹਾਂ ਮਿਲਦਾ ਹੈ–

ਹਉ ਅਨਦਿਨੁ ਹਰਿਨਾਮੁ ਕੀਰਤਨੁ ਕਰਉ॥

(ਆਦਿ ਗ੍ਰੰਥ, ਮਹਲਾ 4, ਪੰਨਾ 369)

ਹਮਰੈ ਸ੍ਰਵਣੁ ਸਿਮਰਨੁ ਹਰਿਕੀਰਤਨੁ<br>
ਹਉ ਹਰਿਬਿਨੁ ਰਹਿ ਨ ਸਕਉ ਹਉ ਇਕੁ ਖਿਨੁ॥

(ਆਦਿ ਗ੍ਰੰਥ, ਮਹਲਾ 4, ਪੰਨਾ 369)

ਗੁਰੂ ਜੀ ਨੇ ਧਰਮ ਤੇ ਗੁਰਮਤਿ ਸੰਗੀਤ ਦੇ ਪ੍ਰਚਾਰਦਾ ਮੁੱਖ ਕੇਂਦਰ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਬਣਾਇਆ ਅਤੇ ਕੀਰਤਨ ਦਾ ਪ੍ਰਵਾਹ ਕਾਇਮ ਰੱਖਿਆ। ਅੰਮ੍ਰਿਤਸਰ ਦਾ ਕੀਰਤਨ ਸਥਾਨ ਦਰਬਾਰ ਸਾਹਿਬ, ਹਰਿਮੰਦਰ ਸਾਹਿਬ ਦੇ ਨਾਮ ਨਾਲ ਵੀ ਪ੍ਰਸਿੱਧ ਹੈ। ਇਥੇ ਗੁਰਮਤਿ ਸੰਗੀਤ ਦੀ ਪਰੰਪਰਾ ਅਨੁਸਾਰ ਕੀਰਤਨ ਚੌਂਕੀ ਦੀ ਪਰੰਪਰਾ ਪ੍ਰਚਲਿਤ ਹੈ। ਇਹਨਾਂ ਵਿਚੋ ਂਆਸਾ ਦੀ ਵਾਰ ਦੀ ਚੌਂਕੀ, ਬਿਲਾਵਲ ਦੀ ਚੌਂਕੀ, ਸੋਦਰ ਦੀ ਚੌਂਕੀ, ਆਰਤੀ ਦੀ ਚੌਂਕੀ ਆਦਿ ਚਾਰ ਚੌਂਕੀਆਂ ਮੁੱਖ ਹਨ। ਇਹਨਾਂ ਚੌਂਕੀਆਂ ਦੇ ਅੰਤਰਗਤ ਵੱਖ-ਵੱਖ ਸਮੇਂ ਉੱਤੇ ਸੰਬੰਧਿਤ ਰਾਗਾਂ ਵਿਚ ਕੀਰਤਨ ਕੀਤਾ ਜਾਂਦਾ ਹੈ। ਚੌਂਕੀ ਕੀਰਤਨ ਦੀ ਪਰੰਪਰਾ ਵਰਤਮਾਨ ਸਮੇਂ ਵਿਚ ਵੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਿਰੰਤਰ ਜਾਰੀ ਹੈ।

**ਸਿੱਖ ਪਰੰਪਰਾਵਾਂ ਦੇ ਅਨੁਸਾਰ ਬਾਣੀ ਦੀ ਰਚਨਾ**– ਪਹਿਲੇ ਗੁਰੂ ਤੋਂ ਲੈ ਕੇ ਜੋ ਪਰੰਪਰਾ ਚਲੀ ਆ ਰਹੀ ਸੀ ਜਿਵੇਂ ਰਹਾਉ, ਅੰਕ, ਘਰ, ਰਾਗ ਆਦਿ ਨੂੰ ਗੁਰੂ ਜੀ ਨੇ ਕਾਇਮ ਰੱਖਿਆ। ਗੁਰੂ ਜੀ ਦੀ ਬਾਣੀ ਵਿਚ ਰਹਾਉ, ਅੰਕ, ਘਰ, ਰਾਗ ਆਦਿ ਵਰਗੇ ਸੰਗੀਤਕ ਸੰਕੇਤਾਂ ਦਾ ਪ੍ਰਯੋਗ ਕਰਨਾ ਇਕ ਚੰਗੀ ਸੰਗੀਤਕ ਸੂਝ-ਬੂਝ ਦਾ ਨਮੂਨਾ ਹਨ। ਸਮੁੱਚੇ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਜੀ ਦੀ ਬਾਣੀ ਜਿਥੇ ਕਾਵਿਕ ਤੌਰ ਤੇ ਮੌਲਕਿਤਾ ਅਤੇ ਵਿਲੱਖਣਤਾ ਦੀ ਧਾਰਨੀ ਹੈ ਉਥੇ ਉਹਨਾਂ ਦੇ ਸੰਗੀਤ ਵਿਧਾਨ, ਸੰਗੀਤ ਪ੍ਰਤੀ ਯੋਗਦਾਨ ਅਤੇ ਸੰਗੀਤਕ ਪ੍ਰਤਿਭਾ ਉੱਤੇ ਵੀ ਇਹ ਗੁਣ ਢੁਕਦੇ ਹਨ।

**ਆਨੰਦ ਕਾਰਜ ਦੀ ਪਰੰਪਰਾ ਨੂੰ ਚਲਾਉਣਾ**- ਗੁਰੂ ਜੀ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਲਈ ਆਨੰਦ ਕਾਰਜ ਦੀ ਪਰੰਪਰਾ ਨੂੰ ਚਲਾਇਆ। ਆਪ ਜੀ ਨੇ ਸੂਹੀ ਰਾਗ ਵਿਚ ਲਾਵਾਂ ਬਾਣੀ ਦੀ ਰਚਨਾ ਕੀਤੀ ਜੋ ਕਿ ਆਨੰਦ ਕਾਰਜ ਦੇ ਮੌਕੇ ਗਾਇਨ ਕੀਤੀ ਜਾਂਦੀ ਹੈ। ਉਂਝ ਤਾਂ ਸੂਹੀ ਰਾਗ ਵਿਚ ਇਸ ਬਾਣੀ ਦਾ ਲਾਵਾਂ ਸਿਰਲੇਖ ਨਹੀਂ ਹੈ। ਬਿਨ੍ਹਾਂ ਸ਼ੱਕ ਇਹਨਾਂ ਤੁਕਾਂ ਵਿਚ ਆਤਮਕ ਵਿਕਾਸ ਦੇ ਚਾਰ ਪੜਾ ਦੱਸੇ ਗਏ ਹਨ।

ਵਿਆਹ ਸਮੇਂ ਗਾਈਆਂ ਜਾਣ ਵਾਲੀਆਂ ਘੋੜੀਆਂ ਦੀ ਵੀ ਆਪ ਜੀ ਨੇ ਵਡਹੰਸ ਰਾਗ ਵਿਚ ਰਚਨਾ ਕੀਤੀ। ਆਪਜੀ ਨੇ ਛੰਦਾਂ ਦੀ ਰਚਨਾ ਵੀ ਕੀਤੀ ਜੋ ਅਜਿਹੇ ਮੌਕਿਆਂ ਤੇ ਗਾਏ ਜਾਂਦੇ ਹਨ। ਸੋ ਗੁਰੂ ਜੀ ਨੇ ਆਨੰਦ ਕਾਰਜ ਦੀ ਪਰੰਪਰਾ ਨੂੰ ਚਲਾਇਆ ਜੋ ਕਿ ਅੱਜ ਤੱਕ ਵੀ ਕਾਇਮ ਹੈ।

ਉਪਰੋਕਤ ਵਰਨਣ ਤੋਂ ਸਪੱਸ਼ਟ ਹੈ ਕਿ ਗੁਰੂ ਸਾਹਿਬਾਨ ਸੰਗੀਤ ਪ੍ਰਤੀ ਸੂਖਮ ਸੂਝ-ਬੂਝ ਰੱਖਣ ਵਾਲੇ ਸਨ। ਉਨ੍ਹਾਂ ਨੇ ਵੱਖ-ਵੱਖ ਰਾਗਾਂ ਵਿਚ ਬਾਣੀ ਦਾ ਉਚਾਰਣ ਕੀਤਾ। ਉਨ੍ਹਾਂ ਨੇ ਰਾਗ, ਕਾਵਿ, ਗਾਇਨ ਸ਼ੈਲੀਆਂ ਅਤੇ ਕੀਰਤਨ ਕੇਂਦਰਾਂ ਦਾ ਆਵਿਸ਼ਕਾਰ ਕੀਤਾ। ਫਲਸਰੂਪ ਗੁਰਮਤਿ ਸੰਗੀਤ ਇਕ ਪ੍ਰਫੁੱਲਤ ਸੰਗੀਤ ਪਰੰਪਰਾ ਦੇ ਰੂਪ ਵਜੋਂ ਵਿਦਮਾਨ ਹੈ। ਇਹ ਹੀ ਨਹੀਂ ਗੁਰਮਤਿ ਸੰਗੀਤ ਪਰੰਪਰਾ ਨੂੰ ਪ੍ਰਮਾਣਿਕ ਅਤੇ ਸਥਾਪਿਤ ਰੂਪ ਪ੍ਰਦਾਨ ਕਰਨ ਲਈ ਗੁਰੂ ਸਾਹਿਬਾਨ ਨੇ ਰੋਜ਼ਾਨਾ ਬਾਣੀ ਦੇ ਗਾਇਨ ਨਾਲ ਇਸਨੂੰ ਜੀਵਨ ਦਾ ਅਨਿੱਖੜ ਅੰਗ ਬਣਾਇਆ।

ਸਹਾਇਕ ਪ੍ਰੋ. ਸੰਗੀਤ
ਬਾਬਾ ਅਜੈ ਸਿੰਘ ਖਾਲਸਾ ਕਾਲਜ
ਗੁਰਦਾਸ ਨੰਗਲ, ਗੁਰਦਾਸਪੁਰ
ਫੋਨ-9464265464

# ਰਾਗ ਸ਼ੁੱਧ ਸਾਰੰਗ

ਸ਼ੁੱਧ ਸਾਰੰਗ ਕਾਫੀ ਠਾਠ ਦਾ ਰਾਗ ਹੈ ਜਿਸ ਵਿੱਚ ਗੰਧਾਰ ਸੁਰ ਵਰਜਤ, ਦੋਵੇਂ ਮੱਧਯਮ ਅਤੇ ਬਾਕੀ ਸੁਰ ਸ਼ੁੱਧ ਹਨ। ਇਹ ਰਾਗ ਦੋ ਤਰਾਂ ਗਾਇਆ ਜਾਂਦਾ ਹੈ, ਕਈ ਬੰਦਿਸ਼ਾਂ ਵਿੱਚ ਸਿਰਫ ਸ਼ੁੱਧ ਨਿਖਾਦ ਅਤੇ ਦੂਸਰੀਆਂ ਬੰਦਿਸ਼ਾਂ ਵਿੱਚ ਦੋਵੇਂ ਨਿਖਾਦ ਵਰਤੇ ਜਾਂਦੇ ਹਨ। ਧੈਵਤ ਸੁਰ ਦਾ ਪ੍ਰਯੋਗ ਅਲਪ ਹੈ ਅਤੇ ਇੱਕ ਵਚਿੱਤ੍ਰ ਢੰਗ ਨਾਲ ਵਰਤਿਆ ਜਾਂਦਾ ਹੈ ਜਿਵੇਂ: ਨ਼ ਧ਼ ਸ ਨ਼ ਰ ਸ। ਸ਼ੁੱਧ ਮੱਧਯਮ ਨਾਲੋਂ ਤੀਵਰ ਮੱਧਯਮ ਦਾ ਪ੍ਰਯੋਗ ਘੱਟ ਹੈ।

ਆਰੋਹ ਵਿੱਚ ਤੀਵਰ ਮੱਧਯਮ ਅਤੇ ਅਵਰੋਹ ਵਿੱਚ ਕੋਮਲ ਮੱਧਯਮ ਲਿਆ ਜਾਂਦਾ ਹੈ ਪਰ ਕਦੇ ਕਦੇ ਅਵਰੋਹ ਵਿੱਚ ਜਦ ਦੋਵੇਂ ਮੱਧਯਮ ਇੱਕ ਦੂਸਰੇ ਤੋਂ ਬਾਅਦ ਲਏ ਜਾਂਦੇ ਹਨ ਤਾਂ ਰਾਗ ਦੀ ਰੰਜਕਤਾ ਵਧਦੀ ਹੈ ਪਰ ਇਸ ਤਰਾਂ ਦਾ ਪ੍ਰਯੋਗ ਬਹੁਤ ਘੱਟ ਕਰਨਾ ਚਾਹੀਦਾ ਹੈ। ਇਸ ਰਾਗ ਨੂੰ ਜਦ ਕਲਿਆਨ ਅੰਗ ਨਾਲ ਗਾਉਣਾ ਹੋਵੇ ਤਾਂ ਸਿਰਫ ਸ਼ੁੱਧ ਨਿਖਾਦ ਵਰਤਿਆ ਜਾਂਦਾ ਹੈ ਤੇ ਜਦ ਸਾਰੰਗ ਅੰਗ ਨਾਲ ਗਾਉਣਾ ਹੋਵੇ ਤਾਂ ਦੋਵੇਂ ਨਿਖਾਦ ਵਰਤੇ ਜਾਂਦੇ ਹਨ। ਪੂਰਵਾਂਗ ਵਿੱਚ ਸਾਰੰਗ ਅੰਗ ਹੀ ਰਹਿੰਦਾ ਹੈ। ਇਸ ਰਾਗ ਦਾ ਵਾਦੀ ਸੁਰ ਰਿਖਬ ਅਤੇ ਸੰਵਾਦੀ ਪੰਚਮ ਹੈ। ਸਾਰੰਗ ਦੇ ਬਹੁਤੇ ਪ੍ਰਕਾਰ ਖੜੇ ਸੁਰਾਂ ਦੇ ਰਾਗ ਹਨ ਪਰ ਇਹ ਮੀਂਢ ਪ੍ਰਧਾਨ ਹੈ। ਇਸ ਦੇ ਗਾਉਣ ਦਾ ਸਮਾਂ ਦੁਪਹਿਰ ਦਾ ਹੈ।

**ਆਰੋਹ**: ਸ $^{ਮ}$ਰ, ਮ॑ ਪ, ਨ, ਸਂ

**ਅਵਰੋਹ**: ਸਂ ਨ ਧ ਪ, ਮ॑ ਪ ਮ ਰ, ਨ਼, ਸ

**ਮੁੱਖ ਅੰਗ**: ਨ਼ ਸ, ਰ ਮ ਰ, ਰ ਮ॑ ਪ ਮ ਰ, ਮ ਰ ਨ਼, ਸ।

**ਚਾਲ**: ਨ਼ ਸ, ਨ਼ ਸ ਨ਼ ਧ਼ ਪ਼ – ਨ਼ ਧ਼ ਨ਼ ਸ, ਨ਼ ਸ $^{ਮ}$ਰ – ਮ ਰ ਨ਼ – ਸ, ਨ਼ ਧ਼ ਸ ਨ਼ ਰ ਸ,
ਨ਼ ਸ $^{ਮ}$ਰ – ਮ॑ ਪ – ਮ॑ ਪ ਮ – ਰ – ਮ ਰ ਨ਼ ਸ, $^{ਨ}$ਸ $^{ਮ}$ਰ – ਮ॑ – ਪ – ਮ॑ ਪ ਮ ਰ – ਮ॑ ਪ
ਨ ਧ ਪ – ਧ ਮ॑ ਪ ਮ ਰ – ਮ ਰ ਨ਼ – ਸ, ਨ਼ ਸ ਰ ਮ॑ ਪ ਨ – ਸਂ, ਪ ਨ ਸਂ ਰਂ – ਮ॑ ਰਂ ਨ
ਸਂ, ਨ ਸਂ ਰਂ ਮਂ ਰਂ – ਮਂ ਰਂ ਨ ਸਂ – ਸਂ ਨ ਧ ਪ – ਧ ਮ॑ ਪ ਮ॑ ਮ ਰ – ਰ ਨ਼ ਧ਼ ਸ ਨ਼ ਰ ਸ।

## ਰਾਗ ਸ਼ੁੱਧ ਸਾਰੰਗ (ਤਿੰਨ ਤਾਲ)

**ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥**
**ਜਿਉ ਕਰ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥**
**ਸਿੰਘ ਬੁਕੇ ਮਿਰਗਾਵਲੀ ਭੰਨੀ ਜਾਏ ਨ ਧੀਰਿ ਧਰੋਆ॥**
**ਜਿਥੈ ਬਾਬਾ ਪੈਰ ਧਰਿ ਪੂਜਾ ਆਸਣੁ ਥਾਪਣਿ ਸੋਆ॥**

ਸਿਧ ਆਸਣਿ ਸਭਿ ਜਗਤ ਦੇ ਨਾਨਕ ਆਦ ਮਤੇ ਜੇ ਕੋਆ॥
ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ॥
ਬਾਬੇ ਤਾਰੇ ਚਾਰਿ ਚਕਿ ਨਉਖੰਡਿ ਪ੍ਰਿਥਮੀ ਸਚਾ ਢੋਆ॥
ਗੁਰਮੁਖ ਕਲਿ ਵਿਚਿ ਪਰਗਟ ਹੋਆ ॥ (ਭਾਈ ਗੁਰਦਾਸ ਵਾ:੧, ਪ:੨੭)

## ਅਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| (ਰ)ਮ | ਰ | (ਰ)ਨ̣ | ਸ | ਰ | ਮ̍ | ਪ | ਧਨ,ਸੰ | (ਸੰ)ਨ | ਪ | ਮ̍ | ਮ̍ਪ | (ਮ)ਰ | – | (ਨ̣)ਸ | – |
| ਸ | ਤ | ਗੁ | ਰ | ਨਾ | ऽ | ਨ | ਕऽ,ऽ | ਪ੍ਰ | ऽ | ਗ | ਟਿऽ | ਆ | ऽ | ऽ | ऽ |
| (ਸ)ਨ̣ | – | (ਸ)ਨ̣ | – | ਸ | ਸ | ਸ | ਸ | (ਮ)ਰ | ਮ̍ | ਪ | ਮ̍ਪ | (ਮ)ਰ | – | ਸ | – |
| ਮਿ | ऽ | ਟੀ | ऽ | ਧੁੰ | ਧ | ਜ | ਗ | ਚਾ | ऽ | ਨ | ਣੁऽ | ਹੋ | ऽ | ਆ | ऽ |
| ੦ | | | | ੩ | | | | x | | | | ੨ | | | |

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਮ | ਰ | (ਰ)ਮ̍ | ਮ̍ | ਪ | – | ਨ | ਨ | ਸੰ | ਸੰ | – | ਸੰ | ਨ | ਰੰ | ਸੰ | – |
| ਜਿ | ਉ | ਕ | ਰ | ਸੂ | ऽ | ਰ | ਜ | ਨਿ | ਕ | ऽ | ਲਿ | ਆ | ऽ | ऽ | ऽ |
| ਨ | ਸੰ | ਰੰ | ਮੰ | ਰੰ | ਸੰ | ਨ | ਸੰ | ਨ | ਪ | ਮ̍ | ਪ | (ਮ)ਰ | – | (ਨ̣)ਸ | – |
| ਤਾ | ऽ | ਰ | ऽ | ਛ | ਪੇ | ऽ | ਅੰ | ਧੇ | ऽ | ਰ | ਪ | ਲੋ | ऽ | ਆ | ऽ |
| ੦ | | | | ੩ | | | | x | | | | ੨ | | | |

## ਸ਼ੁੱਧ ਸਾਰੰਗ (ਦਾਦਰਾ ਤਾਲ)

ਬਾਬਾ ਫਿਰਿ ਮਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ ॥
ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾ ਧਾਰੀ ॥
ਬੈਠਾ ਜਾਇ ਮਸੀਤ ਵਿਚਿ ਜਿਥੇ ਹਾਜੀ ਹੱਜ ਗੁਜਾਰੀ ॥
ਜਾ ਬਾਬਾ ਸੁਤਾ ਰਾਤਿ ਨੋ ਵਲਿ ਮਹਿਰਾਬੇ ਪਾਇ ਪਸਾਰੀ ॥
ਜ਼ਵਿਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫ਼ਰ ਕੁਫ਼ਾਰੀ ॥
ਲਤਾਂ ਵਲਿ ਖੁਦਾਇ ਦੇ ਕਿਉ ਕਰ ਪਇਆ ਹੋਇ ਬਜਿਗਾਰੀ ॥
ਟੰਗੋ ਪਕੜਿ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ ॥
ਹੋਇ ਹੈਰਾਨ ਕਰੇਨਿ ਜੁਹਾਰੀ ॥ (ਭਾਈ ਗੁਰਦਾਸ ਵਾ:੧, ਪ:੩੨)

## ਅਸਥਾਈ

| | | | | | | | | | | | |
|---|---|---|---|---|---|---|---|---|---|---|---|
| ਮ | ਰ | ਸ | ਨ̣ | ਨ̣ | ਪ̣ | ਨ̣ਧ̣ | ਸ | –ਨ̣ | ਸ | – | – |
| ਬਾ | ਬਾ | ऽ | ਫਿ | ਰ | ऽ | ਮऽ | ਕੇ | ऽਗਿ | ਆ | ऽ | ऽ |

| | | | | | | | | | | | |
|---|---|---|---|---|---|---|---|---|---|---|---|
| ਰ | ਮ॑ | -ਮ॑ | ਪਪ | ਪ | -ਪ | ਰਮ॑ | -ਪ | ਮ॑ਪ | ਮਰ | ਸਨ਼ | ਸ |
| ਨੀ | ਽ | ਽ਲ | ਬਸ | ਤ | ਽ਰ | ਧਾ਽ | ਽ਰੇ | ਬਨ | ਵਾ਽ | ਰੀ਽ | ਽ |
| ਮ | ਰ | ਸ | | | | | | | | | |
| ਬਾ | ਬਾ | ਽ | | | | | | | | | |
| x | | | o | | | x | | | o | | |

## ਅੰਤਰਾ ੧

| | | | | | | | | | | | |
|---|---|---|---|---|---|---|---|---|---|---|---|
| ਰ | ਰ | -ਸ | ਰਰ | – | -ਰ | ਰਮ॑ | ਪ | -ਮ | ਰਸ | ਰ | – |
| ਆ | ਸਾ | -਽ | ਹਥ | ਽ | ਽ਕਿ | ਤਾ਽ | ਽ | ਽ਬ | ਕਛ | ਽ | ਽ |
| ਰ | ਮ॑ | – | ਪ | ਪ | -ਪ | ਮ॑ | ਪ | ਮ॑ਪ | ਮ | ਰ | – |
| ਕੂ | ਜਾ | ਽ | ਬਾਂ | ਗ | ਽ਮ | ਸ | ਲਾ | ਽਽ | ਧਾ | ਰੀ | ਽ |
| ਨ਼ਸ | ਰਮ॑ | -ਮ॑ | ਪਪ | ਧ | -ਪ | ਰਮ॑ | ਪਮ | ਰਮ | ਰਸ | ਨ਼ਰ | ਸ |
| ਨੀ਽ | ਽਽ | ਽ਲ | ਬਸ | ਤ | ਽ਰ | ਧਾ਽ | ਽ਰੇ | ਬਨ | ਵਾ਽ | ਰੀ਽ | ਽ |
| ਮ | ਰ | ਸ | | | | | | | | | |
| ਬਾ | ਬਾ | ਽ | | | | | | | | | |
| x | | | o | | | x | | | o | | |

## ਅੰਤਰਾ ੨

| | | | | | | | | | | | |
|---|---|---|---|---|---|---|---|---|---|---|---|
| ਮ | ਰ | ਮ॑ | ਪ | ਨ | -ਨ | ਸੰ | – | -ਰੰ | ਨਨ | ਸੰ | – |
| ਬੈ | ਠਾ | ਽ | ਜਾ | ਇ | ਽ਮ | ਸੀ | ਽ | ਽ਤ | ਵਿਚ | ਽ | ਽ |
| ਰੰ | ਰੰ | ਸੰ | ਰੰ | ਰੰ | ਨ | ਨਸੰ | ਰੰ | -ਨ | ਸੰ | ਸੰ | – |
| ਜਿ | ਥੇ | ਽ | ਹਾ | ਜੀ | ਽ | ਹੁ਽ | ਜ | ਽ਗੁ | ਜਾ | ਰੀ | ਽ |
| ਸੰਨ | ਧਪ | ਮ॑ਪ | ਮਮ | ਰ | -ਰ | ਮਰ | ਸਨ਼ | ਪ਼ਨ਼ | ਸਨ਼ | ਸ | – |
| ਨੀ਽ | ਽਽ | ਽ਲ | ਬਸ | ਤ | ਽ਰ | ਧਾ਽ | ਽ਰੇ | ਬਨ | ਵਾ਽ | ਰੀ | ਽ |
| ਮ | ਰ | ਸ | | | | | | | | | |
| ਬਾ | ਬਾ | ਽ | | | | | | | | | |
| x | | | o | | | x | | | o | | |

# ਤਿੰਨ ਤਾਲ: ਕਾਇਦਾ ਸੀਰੀਜ਼

ਪ੍ਰੋਫੈਸਰ ਹਰਭਜਨ ਸਿੰਘ
ਧਾਰੀਵਾਲ

(ਲਾਹੌਰ ਬਾਜ ਪੰਜਾਬ ਘਰਾਣਾ)

ਤਬਲਾ ਵਿਦਿਆਰਥੀਆਂ ਲਈ **ਲੜੀਵਾਰ** ਕਾਇਦਾ ਸੀਰੀਜ਼ ਅਧੀਨ **ਕਾਇਦਾ ਨੰ: 14** ਦੇ ਰਿਹਾ ਹਾਂ ਜਿਸ ਦਾ ਇਜ਼ਾਫ਼ਾ 8 ਬੰਧਾਂ ਕੀਤਾ ਗਿਆ ਹੈ। ਕਾਇਦੇ ਦਾ ਬੁਨਿਆਦੀ ਬੋਲ 8 ਮਾਤਰਾ ਦਾ ਹੈ, 3 ਮਾਤਰਾ ਦਾ ਜੋੜ ਅਤੇ 5 ਮਾਤਰਾ ਦੀ ਰਦੀਫ਼ ਹੈ। ਇਸੇ ਤਰ੍ਹਾਂ ਹੀ ਦੂਜੇ ਹਿੱਸੇ ਵਿੱਚ 8 ਮਾਤਰਾ ਦਾ ਬੋਲ ਖਾਲੀ,3 ਮਾਤਰਾ ਦਾ ਜੋੜ ਅਤੇ 5 ਮਾਤਰਾ ਦੀ ਰਦੀਫ਼ ਦਾ ਬੋਲ ਭਰਿਆ ਹੈ। ਕਾਇਦੇ ਵਿੱਚ ਤਿਟ ਦਾ ਬੋਲ 'ਚਲ' ਹੈ। ਆਖ਼ਿਰ ਵਿੱਚ ਕਾਇਦੇ ਦਾ ਮੁਕਾਮ ਚਕਰਦਾਰ ਹੈ। ਕਾਇਦੇ ਦੇ ਨਿਕਾਸ ਜਾਂ ਹੋਰ ਵਧੇਰੇ **ਜਾਣਕਾਰੀ** ਲਈ ਸਿੱਖਿਆਰਥੀ ਮੈਨੂੰ **ਫੋਨ** ਕਰ ਸਕਦੇ ਹਨ।

## ਕਾਇਦਾ # 14

ਧਾੜਾ ਕਿਟ ਤਿਟ ਧਾਟ ਧਾਗੇ ਨਧਾ ਟਧਾ ਗੇਨ, ਤਕਿ ਟਧੇ ਤਿਟ ਘਿੜ ਨਗ ਤਤਿ ਨ੍ਤਿ ਨਕ –।
ਤਾੜਾ ਕਿਟ ਤਿਟ ਤਾਟ ਤਾਕੇ ਨਤਾ ਟਤਾ ਕੇਨ, ਤਕਿ ਟਧੇ ਤਿਟ ਘਿੜ ਨਗ ਤਧਿ ਨ੍ਧਿ ਨਗ– ॥

### ਦੋਹਰਾ

ਧਾੜਾਕਿਟ ਤਿਟਧਾਟ ਧਾਗੇਨਧਾ ਟਧਾਗੇਨ, ਧਾੜਾਕਿਟ ਤਿਟਧਾਟ ਧਾਗੇਨਧਾ ਟਧਾਗੇਨ,
ਧਾੜਾਕਿਟ ਤਿਟਧਾਟ ਧਾਗੇਨਧਾ ਟਧਾਗੇਨ, ਤਕਿਟਧਿ ਤਿਟਧਾਟ ਧਾਗੇਨਤਿ ਨ੍ਤਿਨਕ–।
ਤਾੜਾਕਿਟ ਤਿਟਤਾਟ ਤਾਕੇਨਤਾ ਟਤਾਕੇਨ, ਤਾੜਾਕਿਟ ਤਿਟਤਾੜ ਤਾਕੇਨਤਿ ਨ੍ਤਿਨਕ,
ਧਾੜਾਕਿਟ ਤਿਟਧਾਟ ਧਾਗੇਨਧਾ ਟਧਾਗੇਨ, ਤਕਿਟਧੇ ਤਿਟਧਾਟ ਧਾਗੇਨਧਿ ਨ੍ਧਿਨਗ– ॥

### ਬੰਧ # 1

ਧਾੜਾਕਿਟ ਤਿਟਧਾਟ ਧਾਗੇਨਧਾ ਟਧਾਗੇਨ, ਤਿਟ–ਧਾ ਟਧਾਗੇਨ ਤਕਿਟਧੇ ਤਿਟਕਿਟ,
ਧਾੜਾਕਿਟ ਤਿਟਧਾਟ ਧਾਗੇਨਧਾ ਟਧਾਗੇਨ, ਤਕਿਟਧੇ ਤਿਟਧਾਟ ਧਾਗੇਨਤਿ ਨ੍ਤਿਨਕ–।
ਤਾੜਾਕਿਟ ਤਿਟਤਾਟ ਤਾਕੇਨਤਾ ਟਤਾਕੇਨ, ਤਿਟ–ਤਾ ਟਤਾਕੇਨ ਤਕਿਟਤੇ ਤਿਟਕਿਟ,
ਧਾੜਾਕਿਟ ਤਿਟਧਾਟ ਧਾਗੇਨਧਾ ਟਧਾਗੇਨ, ਤਕਿਟਧੇ ਤਿਟਘਿੜ ਨਗਤਧਿ ਨ੍ਧਿਨਗ– ॥

### ਬੰਧ # 2

ਧਾੜਾਕਿਟ ਤਿਟਧਾਟ ਧਾਗੇਨਧਿ ਨ੍ਧਿਨਗ, ਤਿਟ–ਧਾ ਟਧਾਗੇਨ ਤਿਟ–ਧਿ ਨ੍ਧਿਨਗ,
ਧਾੜਾਕਿਟ ਤਿਟਧਾਟ ਧਾਗੇਨਧਾ ਟਧਾਗੇਨ, ਤਕਿਟਧੇ ਤਿਟਧਾਟ ਧਾਗੇਨਤਿ ਨ੍ਤਿਨਕ–।
ਤਾੜਾਕਿਟ ਤਿਟਤਾਟ ਤਾਕੇਨਤਿ ਨ੍ਤਿਨਕ, ਤਿਟ–ਤਾ ਟਤਾਕੇਨ ਤਿਟਤਿ ਨ੍ਤਿਨਕ,
ਧਾੜਾਕਿਟ ਤਿਟਧਾਟ ਧਾਗੇਨਧਾ ਟਧਾਗੇਨ, ਤਕਿਟਧੇ ਤਿਟਧਾਟ ਧਾਗੇਨਧਿ ਨ੍ਧਿਨਗ– ॥

### ਬੰਧ # 3

ਧਾਟਧਾਗੇ ਨਧਾਟਧਾ ਗੇਨਤਿਟ ਘਿੜਨਗ, ਧਾੜਾਕਿਟ ਤਿਟਧਾਟ ਧਾਗੇਨਧਿ ਨ੍ਧਿਨਗ,
ਧਾੜਾਕਿਟ ਤਿਟਧਾਟ ਧਾਗੇਨਧਾ ਟਧਾਗੇਨ, ਤਕਿਟਧੇ ਤਿਟਘਿੜ ਨਗਤਤਿ ਨ੍ਤਿਨਕ–।
ਤਾਟਤਾਕੇ ਨਤਟਤਾ ਕੇਨਤਿਟ ਕਿੜਨਕ, ਤਾੜਾਕਿਟ ਤਿਟਤਾਟ ਤਾਕੇਨਤਿ ਨਤਿਨਕ,
ਧਾੜਾਕਿਟ ਤਿਟਧਾਟ ਧਾਗੇਨਧਾਟਧਾਗਿਨ, ਤਕਿਟਧੇ ਤਿਟਘਿੜ ਨਗਤਧਿ ਨ੍ਧਿਨਗ– ॥

### ਬੰਧ # 4

ਧਾੜਾਕਿਟ ਤਿਟਧਾੜਾ ਕਿਟਤਿਟ ਧਾਟਧਾਗੇ, ਨਧਿਨ੍ਧਿ ਨਗਧਾਟ ਧਾਗੇਨਧਿ ਨ੍ਧਿਨਗ,

ਧਾੜਾਕਿਟ ਤਿਟਧਾਟ ਧਾਗੇਨਧਾ ਟਧਾਗੇਨ, ਤਕਿਟਧੇ ਤਿਟਘਿੜ ਨਗਤਤਿ ਨ੍ਤਿਨਕ-।
ਤਾੜਾਕਿਟ ਤਿਟਤਾੜਾ ਕਿਟਤਿਟ ਤਾਟਤਾਕੇ, ਨਤਿਨ੍ਤਿ ਨਕਤਾਟ ਤਾਕੇਨਤਿ ਨਤਿਨਕ,
ਧਾੜਾਕਿਟ ਤਿਟਧਾਟ ਧਾਗੇਨਧਾ ਟਧਾਗੇਨ, ਤਕਿਟਧੇ ਤਿਟਘਿੜ ਨਗਤਧਿ ਨ੍ਧਿਨਗ ॥

**ਬੰਧ # 5**

ਧਾਟਧਾਗੇ ਨਧਿਨ੍ਧਿ ਨਗਧਾਟ ਧਾਗੇਨਧਿ, ਨਧਿਨਗ ਧਾੜਾਕਿਟ ਤਿਟਧਾੜਾ ਕਿਟਤਿਟ,
ਧਾੜਾਕਿਟ ਤਿਟਧਾਟ ਧਾਗੇਨਧਾ ਟਧਾਗੇਨ, ਤਕਿਟਧੇ ਤਿਟਘਿੜ ਨਗਤਤਿ ਨਤਿਨਕ -।
ਤਾਟਤਾਕੇ ਨਤਿਨਤਿ ਨਕਤਾਟ ਤਾਕੇਨਤਿ, ਨ੍ਤਿਨਕ ਤਾੜਾਕਿਟ ਤਿਟਤਾੜਾ ਕਿਟਤਿਟ,
ਧਾੜਾਕਿਟ ਤਿਟਧਾਟ ਧਾਗੇਨਧਾ ਟਧਾਗੇਨ, ਤਕਿਟਧੇ ਤਿਟਘਿੜ ਨਗਤਧਿ ਨਧਿਨਗ -॥

**ਬੰਧ # 6**

ਤਕਿਟਧੇ ਤਿਟਤਕਿ ਟਧੇਤਿਟ ਘਿੜਨਗ, ਤਧਾਟਧਾ ਗੇਨਤਕਿ ਟਧੇਤਿਟ ਘਿੜਨਗ,
ਧਾੜਾਕਿਟ ਤਿਟਧਾਟ ਧਾਗੇਨਧਾ ਟਧਾਗੇਨਾ, ਤਕਿਟਧੇ ਤਿਟਘਿੜ ਨਗਤਤਿ ਨ੍ਤਿਨਕ-।
ਤਕਿਟਤੇ ਤਿਟਤਕਿ ਟਤੇਤਿਟ ਕਿੜਨਗ, ਤਤਾਟਤਾ ਕੇਨਤਕਿ ਟਤੇਤਿਟ ਕਿੜਨਕ,
ਧਾੜਾਕਿਟ ਤਿਟਧਾਟ ਧਾਗੇਨਧਾ ਟਧਾਗੇਨਾ, ਤਕਿਟਧੇ ਤਿਟਘਿੜ ਨਗਤਧਿ ਨ੍ਧਿਨਗ-॥

**ਬੰਧ # 7**

ਧਾੜਾਕਿਟ ਤਿਟਧਾਟ ਧਾਗੇਨਧਾ ਟਧਾਗੇਨ, ਤਿਟ -ਧਾ ਟਧਾਗੇਨ ਤਿਟਤਿਟ -ਧਾਟਧਾ,
ਗੇਨਤਿਟ ਤਿਟਤਿਟ ਘਿੜਨਗ ਘਿੜਨਗ, ਤਕਿਟਧੇ ਤਿਟਘਿੜ ਨਗਤਤਿ ਨ੍ਤਿਨਕ-।
ਤਾੜਾਕਿਟ ਤਿਟਤਾਟ ਤਾਕੇਨਤਾ ਟਤਾਕੇਨ, ਤਿਟ-ਤਾ ਟਤਾਕੇਨ ਤਿਟਤਿਟ -ਤਾਟਤਾ,
ਗੇਨਤਿਟ ਤਿਟਤਿਟ ਘਿੜਨਗ ਘਿੜਨਗ, ਤਕਿਟਧੇ ਤਿਟਘਿੜ ਨਗਤਧਿ ਨ੍ਧਿਨਗ-॥

**ਬੰਧ # 8**


ਧਾੜਾਕਿਟ ਤਿਟਧਾਟ ਧਾਗੇਨਧਾ ਟਧਾਗੇਨ, ਤਿਟਤਿਟ ਤਿਟ-ਧਾ ਟਧਾਗੇਨ ਤਿਟਤਿਟ,
-ਧਾਟਧਾ ਗੇਨਤਿਟ ਘਿੜਨਗ ਘਿੜਨਗ, ਤਕਿਟਧੇ ਤਿਟਘਿੜ ਨਗਤਤਿ ਨ੍ਤਿਨਕ-।
ਤਾੜਾਕਿਟ ਤਿਟਤਾਟ ਤਾਕੇਨਤਾ ਟਤਾਕੇਨ, ਤਿਟਤਿਟ ਤਿਟ-ਤਾ ਟਤਾਕੇਨ ਤਿਟਤਿਟ,
-ਧਾਟਧਾ ਗੇਨਤਿਟ ਘਿੜਨਗ ਘਿੜਨਗ, ਤਕਿਟਧੇ ਤਿਟਘਿੜ ਨਗਤਧਿ ਨ੍ਧਿਨਗ-॥

**ਮੁਕਾਮ ਕਾਇਦੇ ਦਾ (ਚਕਰਦਾਰ)**

ਤਕਿਟਧੇ ਤਿਟਘਿੜ ਨਗਧਾੜਾ ਕਿਟਤਿਟ ਧਾਟ ਧਾ- ਕਿਟਧਾ ਟਧਾ -ਕਿਟ ਧਾਟ ਧਾ-, ਤਕਿਟਧੇ ਤਿਟਘਿੜ ਨਗਧਾੜਾ ਕਿਟਤਿਟ ਧਾਟ ਧਾ- ਕਿਟਧਾ ਟਧਾ -ਕਿਟ ਧਾਟ ਧਾ-, ਤਕਿਟਧੇ ਤਿਟਘਿੜ ਨਗਧਾੜਾ ਕਿਟਤਿਟ ਧਾਟ ਧਾ- ਕਿਟਧਾ ਟਧਾ -ਕਿਟ ਧਾਟ । ਧਾ

# 340, ਸੰਗੀਤ ਵਿਲਾਸ, ਬੇਦੀ ਕਲੋਨੀ,
ਧਾਰੀਵਾਲ
ਜਿਲ੍ਹਾ: ਗੁਰਦਾਸਪੁਰ, ਪੰਜਾਬ (ਭਾਰਤ)
ਫੋਨ ਨੰ: +91-98143 49658
Email: harbhajansinghdhariwal

## ਡਾ. ਜਾਗੀਰ ਸਿੰਘ
## ਦੀ ਨਵੀਂ ਪੁਸਤਕ




ਕਿਤਾਬ ਨੂੰ ਮੰਗਵਾਉਣ ਲਈ ਹੇਠ ਦਿੱਤੇ ਗਏ ਪਤੇ **ਸਪਤਰਿਸ਼ੀ ਪਬਲੀਕੇਸ਼ਨਜ਼,** # 25/6, ਇੰਡਸਟ੍ਰੀਅਲ ਏਰੀਆ, ਫੇਸ-2, ਚੰਡੀਗੜ ਅਤੇ ਨੰ: ਤੇ ਸੰਪਰਕ **7717465715, 9463836591** ਕਰਕੇ ਕਿਤਾਬਾਂ ਨੂੰ ਮੰਗਵਾ ਸਕਦੇ ਹੋ।

RNI Regd. No. 46788/89 ISSN 0972-2335

